ਕਾਨੂੰਨ ਅਤੇ ਨਿਆਂ ਮੰਤਰਾਲਾ (ਵਿਧਾਨ ਵਿਭਾਗ)

ਨਵੀਂ ਦਿੱਲੀ 5 ਜੂਨ 2020

ਕਿਸਾਨੀ ਉਪਜ ਵਪਾਰ ਅਤੇ ਵਣਜ (ਪ੍ਰੋਤਸਾਹਨ ਅਤੇ ਸਹੂਲਤ), ਆਰਡੀਨੈਂਸ, 2020

Farmers Produce Trade and Commerce (Promotion and Facilitation) Ordinance 2020

ਗਣਤੰਤਰ ਦੇ ਇੱਕ੍ਹਤਰਵੇਂ ਸਾਲ ਵਿੱਚ ਰਾਸ਼ਟਰਪਤੀ ਦੁਆਰਾ ਜਾਰੀ

ਇੱਕ ਅਜਿਹੇ ਵਾਤਾਵਰਣ ਦੀ ਸਿਰਜਣਾ ਦਾ ਉਪਬੰਧ ਕਰਨ ਲਈ, ਜੋ ਕਿਸਾਨਾਂ ਅਤੇ ਵਪਾਰੀਆਂ ਨੂੰ, ਕਿਸਾਨਾਂ ਦੀ ਉਪਜ ਦੀ ਵਿਕਰੀ ਅਤੇ ਖਰੀਦ ਨਾਲ ਸਬੰਧਤ ਚੋਣ ਦੀ ਆਜ਼ਾਦੀ ਪ੍ਰਦਾਨ ਕਰਦੇ ਹੋਏ, ਉਨ੍ਹਾਂ ਨੂੰ ਮੁਕਾਬਲੇ ਵਾਲੇ ਬਦਲਵੇਂ ਵਪਾਰਕ ਚੈਨਲਾਂ ਰਾਹੀਂ ਲਾਹੇਵੰਦ ਭਾਅ ਦੀ ਸਹੂਲਤ ਦੇਣ ਲਈ; ਰਾਜ ਦੇ ਵੱਖ-ਵੱਖ ਖੇਤੀਬਾੜੀ ਉਪਜ ਮਾਰਕੀਟ ਕਾਨੂੰਨਾਂ ਤਹਿਤ ਅਧਿਸੂਚਿਤ (NOTIFY) ਕੀਤੇ ਗਏ ਮਾਰਕੀਟ ਜਾਂ ਡੀਮਡ ਮਾਰਕੀਟਾਂ ਦੀ ਭੌਤਿਕ ਚਾਰ-ਦਿਵਾਰੀ ਤੋਂ ਬਾਹਰ ਕੁਸ਼ਲ, ਪਾਰਦਰਸ਼ੀ ਅਤੇ ਰੁਕਾਵਟ ਰਹਿਤ (Barrier-Free) ਅੰਤਰ-ਰਾਜੀ ਅਤੇ ਅੰਤਰ-ਰਾਜ ਵਪਾਰ ਅਤੇ ਵਣਜ ਉਤਸ਼ਾਹਤ ਕਰਨ ਲਈ; ਇਲੈਕਟ੍ਰਾਨਿਕ ਵਪਾਰ ਕਰਨ ਲਈ ਇੱਕ ਸੁਵਿਧਾਜਨਕ ਢਾਂਚਾ ਪ੍ਰਦਾਨ ਕਰਨ ਲਈ ਅਤੇ ਇਸ ਨਾਲ ਜੁੜੇ ਜਾਂ ਇਸ ਨਾਲ ਸੰਬੰਧਿਤ ਮਾਮਲਿਆਂ ਲਈ ਇੱਕ ਆਰਡੀਨੈਂਸ।

ਅਤੇ ਜਦੋਂ ਸੰਸਦ ਸੈਸ਼ਨ ਵਿੱਚ ਨਹੀਂ ਹੈ ਅਤੇ ਰਾਸ਼ਟਰਪਤੀ ਇਸ ਗੱਲ ਤੋਂ ਸੰਤੁਸ਼ਟ ਹਨ ਕਿ ਅਜਿਹੀਆਂ ਸਥਿਤੀਆਂ ਮੌਜੂਦ ਹਨ ਜਿਨ੍ਹਾਂ ਵਿੱਚ ਉਨ੍ਹਾਂ ਨੂੰ ਤੁਰੰਤ ਕਾਰਵਾਈ ਕਰਨਾ ਜ਼ਰੂਰੀ ਕਰ ਦਿੰਦੀਆਂ ਹਨ;

ਹੁਣ, ਇਸ ਲਈ, ਸੰਵਿਧਾਨ ਦੇ ਆਰਟੀਕਲ 123 ਦੀ ਧਾਰਾ (1) ਦੁਆਰਾ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ, ਰਾਸ਼ਟਰਪਤੀ ਪ੍ਰਸੰਨਤਾ ਪੂਰਵਕ ਹੇਠ ਦਿੱਤੇ ਅਨੁਸਾਰ ਆਰਡੀਨੈਂਸ ਜਾਰੀ ਕਰਦੇ ਹਨ: –

ਅਧਿਆਇ-1 ਆਰੰਭਕ

1. (1) ਇਸ ਆਰਡੀਨੈਂਸ ਨੂੰ ਕਿਸਾਨੀ ਉਪਜ ਵਪਾਰ ਅਤੇ ਵਣਜ (ਪ੍ਰੋਤਸਾਹਨ ਅਤੇ ਸਹੂਲਤ), ਆਰਡੀਨੈਂਸ, 2020 ਕਿਹਾ ਜਾਵੇ।

   (2) ਇਹ ਤੁਰੰਤ ਲਾਗੂ ਹੋ ਜਾਵੇਗਾ।

2. ਇਸ ਆਰਡੀਨੈਂਸ ਵਿਚ, ਜਦੋਂ ਤਕ ਪ੍ਰਸੰਗ ਦੀ ਹੋਰ ਲੋੜ ਨਾ ਹੋਵੇ,

   (ੲ) "ਖੇਤੀ ਉਪਜ" ਦਾ ਭਾਵ ਹੈ।

(i) ਖਾਧ-ਪਦਾਰਥ, ਖਾਣ ਵਾਲੇ ਤੇਲ ਬੀਜਾਂ ਅਤੇ ਤੇਲਾਂ ਸਮੇਤ, ਹਰ ਕਿਸਮ ਦੇ

ਅਨਾਜ ਜਿਵੇ ਕਿ ਕਣਕ, ਚਾਵਲ ਜਾਂ ਹੋਰ ਮੋਟੇ ਅਨਾਜ, ਦਾਲਾਂ, ਸਬਜ਼ੀਆਂ, ਫਲ, ਗਿਰੀਆਂ, ਮਸਾਲੇ, ਮਨੁੱਖੀ ਖਪਤ ਦੇ ਉਦੇਸ਼ ਨਾਲ ਕੁਦਰਤੀ ਜਾਂ ਸੰਸਾਧਿਤ ਰੂਪ ਵਿੱਚ ਗੰਨੇ ਅਤੇ ਪੋਲਟਰੀ, ਸੂਰ-ਪਾਲਣ, ਬੱਕਰੀ-ਪਾਲਣ, ਮੱਛੀ-ਪਾਲਣ ਅਤੇ ਡੇਅਰੀ ਦੇ ਉਤਪਾਦ ;

(ii) ਪਸ਼ੂਆਂ ਦਾ ਚਾਰਾ, ਸਮੇਤ ਖਲ ਅਤੇ ਹੋਰ ਕੰਨਸੈਂਟਰੇਟ; ਅਤੇ

(iii) ਕਪਾਹ ਨਰਮਾ, ਜਿੰਨਡ (ਬਿਨਾ-ਵੜੇਵਿਆਂ ਤੋਂ) ਜਾਂ ਅਨ-ਜਿੰਨਡ ਅਤੇ ਪਟਸਨ।

(ਅ) "ਇਲੈਕਟ੍ਰਾਨਿਕ ਟਰੇਡਿੰਗ ਅਤੇ ਟ੍ਰਾਂਜੈਕਸ਼ਨ ਪਲੇਟਫਾਰਮ" ਦਾ ਅਰਥ ਹੈ ਇਲੈਕਟ੍ਰਾਨਿਕ ਉਪਕਰਣ ਅਤੇ ਇੰਟਰਨੈਟ ਵਰਤ ਕੇ ਇੱਕ ਨੈਟਵਰਕ ਰਾਹੀਂ ਖੇਤੀ ਉਤਪਾਦਾਂ ਦੇ ਵਪਾਰ ਅਤੇ ਵਣਜ ਲਈ ਸਿੱਧੇ ਅਤੇ ਆਨਲਾਈਨ ਲੈਣ-ਦੇਣ ਦੀ ਸਹੂਲਤ ਪ੍ਰਦਾਨ ਕਰਨ ਲਈ ਇੱਕ ਪਲੇਟਫਾਰਮ;

(ਸੀ) "ਕਿਸਾਨ" ਤੋਂ ਭਾਵ ਹੈ ਉਹ ਵਿਅਕਤੀ ਜੋ ਖੇਤੀ ਉਪਜ ਦਾ ਉਤਪਾਦਨ ਦਾ ਕੰਮ ਖੁਦ ਜਾਂ ਭਾੜੇ ਦੇ ਮਜਦੂਰ ਰਾਹੀਂ ਜਾਂ ਕਿਸੇ ਹੋਰ ਰਾਹੀਂ ਕਰਦਾ ਹੈ, ਅਤੇ ਇਸ ਵਿੱਚ ਕਿਸਾਨ ਉਤਪਾਦਕ ਸੰਗਠਨ ਸ਼ਾਮਲ ਹੈ;

(ਡੀ) "ਫਾਰਮਰ ਪ੍ਰੋਡਿਸਰ ਆਰਗੇਨਾਈਜੇਸ਼ਨ" ਦਾ ਭਾਵ ਹੈ ਕਿਸਾਨਾਂ ਦਾ ਇੱਕ ਸਮੂਹ ਜਾਂ ਐਸੋਸੀਏਸ਼ਨ ਜਿਸ ਨੂੰ ਕੋਈ ਵੀ ਨਾਮ ਦਿੱਤਾ ਹੋਵੇ।

(i) ਜੋ ਫਿਲਹਾਲ ਕਿਸੇ ਵੀ ਕਾਨੂੰਨ ਅਧੀਨ ਰਜਿਸਟਰਡ ਹੋਵੇ; ਜਾਂ

(ii) ਜ਼ੋ ਕੇਂਦਰ ਸਰਕਾਰ ਜਾਂ ਰਾਜ ਸਰਕਾਰ ਦੁਆਰਾ ਸਪਾਂਸਰ ਕੀਤੀ ਗਈ ਯੋਜਨਾ ਜਾਂ ਪ੍ਰੋਗਰਾਮ ਅਧੀਨ ਬਣਾਈ ਹੋਵੇ;

(ਈ) "ਅੰਤਰ-ਰਾਜੀ ਵਪਾਰ" ਦਾ ਭਾਵ ਹੈ ਕਿਸਾਨਾਂ ਦੀ ਉਪਜ ਦੀ ਖਰੀਦੋ-ਫਰੋਖਤ ਦਾ ਕਾਰਜ, ਜਿਸ ਵਿੱਚ ਇੱਕ ਰਾਜ ਦਾ ਵਪਾਰੀ ਦੂਜੇ ਰਾਜ ਦੇ ਕਿਸਾਨ ਜਾਂ ਵਪਾਰੀ ਤੋਂ ਕਿਸਾਨੀ ਉਪਜ ਖਰੀਦਦਾ ਹੈ ਅਤੇ ਅਜਿਹੀ ਕਿਸਾਨੀ ਉਪਜ ਉਸ ਰਾਜ ਤੋਂ ਇਲਾਵਾ ਕਿਸੇ ਹੋਰ ਰਾਜ ਵਿੱਚ ਢੋਆ-ਢੁਆਈ ਰਾਹੀ ਲੈ ਜਾਂਦਾ ਹੈ, ਜਿਸ ਵਿੱਚ ਵਪਾਰੀ ਨੇ ਅਜਿਹੀ ਕਿਸਾਨੀ ਉਪਜ ਨੂੰ ਖਰੀਦਿਆ ਸੀ ਜਾਂ ਜਿਥੇ ਉਪਜ ਪੈਦਾ ਹੋਈ ਸੀ;

(ਐਫ) "ਅੰਤਰ-ਰਾਜ ਵਪਾਰ" ਦਾ ਅਰਥ ਹੈ ਕਿਸਾਨੀ ਉਪਜ ਦੀ ਖਰੀਦੋ-ਫਰੋਖਤ ਦਾ ਕਾਰਜ, ਜਿਸ ਵਿੱਚ ਇੱਕ ਰਾਜ ਦਾ ਵਪਾਰੀ ਉਸੇ ਰਾਜ ਦੇ ਕਿਸਾਨ ਜਾਂ ਵਪਾਰੀ ਤੋਂ ਕਿਸਾਨੀ ਉਪਜ ਖਰੀਦਦਾ ਹੈ, ਜਿਸ ਵਿੱਚ ਵਪਾਰੀ ਨੇ ਅਜਿਹੀ ਕਿਸਾਨੀ ਉਪਜ ਨੂੰ ਖਰੀਦਿਆ ਸੀ ਜਾਂ ਜਿਥੇ ਉਪਜ ਪੈਦਾ ਹੋਈ ਸੀ;

(ਜੀ) "ਨੋਟੀਫਿਕੇਸ਼ਨ" ਦਾ ਅਰਥ ਹੈ ਕੇਂਦਰ ਸਰਕਾਰ ਜਾਂ ਰਾਜ ਸਰਕਾਰ, ਜਿਵੇ ਵੀ ਸਥਿਤੀ ਹੋਵੇ, ਦੁਆਰਾ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਿਤ ਅਧਿਸੂਚਨਾ, ਅਤੇ

"ਨੋਟੀਫਾਈਡ" ਦਾ ਭਾਵ ਉਸੇ ਤਰ੍ਹਾਂ ਹੀ ਮੰਨਿਆ ਜਾਵੇਗਾ;

(ਐਚ) "ਵਿਅਕਤੀ" ਦਾ ਭਾਵ ਹੈ।

(a) ਇੱਕ ਵਿਅਕਤੀ;

(b) ਇੱਕ ਭਾਈਵਾਲੀ ਫਰਮ;

(c) ਇੱਕ ਕੰਪਨੀ;

(d) ਇੱਕ ਸੀਮਤ ਦੇਣਦਾਰੀ ਭਾਈਵਾਲੀ;

(e) ਇੱਕ ਸਹਿਕਾਰੀ ਸੁਸਾਇਟੀ;

(f) ਇੱਕ ਸੁਸਾਇਟੀ; ਜਾਂ

(g) ਕੇਂਦਰ ਸਰਕਾਰ ਜਾਂ ਰਾਜ ਸਰਕਾਰ ਦੇ ਚੱਲ ਰਹੇ ਪ੍ਰੋਗਰਾਮਾਂ ਦੇ ਤਹਿਤ ਨਿਯਮਿਤ ਤੌਰ 'ਤੇ ਮਾਨਤਾ ਪ੍ਰਾਪਤ ਜਾਂ ਸ਼ਾਮਲ ਕੀਤੀ ਗਈ ਕੋਈ ਐਸੋਸ਼ੀਏਸ਼ਨ ਜਾਂ ਵਿਅਕਤੀਆਂ ਦਾ ਸੰਗਠਨ; (ਆਈ) "ਨਿਰਧਾਰਤ" ਦਾ ਅਰਥ ਹੈ ਇਸ ਆਰਡੀਨੈਂਸ ਦੇ ਅਧੀਨ ਬਣਾਏ ਨਿਯਮਾਂ ਦੁਆਰਾ ਨਿਰਧਾਰਤ; (ਜੇ) "ਸ਼ਡਿਊਲਡ ਫਾਰਮਰਜ ਪ੍ਰੋਡਿਊਸ" ਦਾ ਅਰਥ ਹੈ ਕਿਸੇ ਵੀ ਰਾਜ ਦੇ ਏ.ਪੀ.ਐਮ.ਸੀ. ਐਕਟ ਦੇ ਅਧੀਨ ਨਿਯਮਤ ਕਰਨ ਲਈ ਨਿਰਧਾਰਤ ਖੇਤੀ ਉਪਜ;

(ਕੇ) "ਰਾਜ" ਦੀ ਪਰਿਭਾਸ਼ਾ ਵਿੱਚ ਕੇਂਦਰ ਸ਼ਾਸਤ ਪ੍ਰਦੇਸ਼ ਵੀ ਸ਼ਾਮਲ ਹੈ;

(ਐਲ) "ਸਟੇਟ ਏ.ਪੀ.ਐਮ.ਸੀ.ਐਕਟ" ਤੋਂ ਭਾਵ ਹੈ ਕਿ ਭਾਰਤ ਦੇ ਕਿਸੇ ਵੀ ਰਾਜ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਲਾਗੂ ਕਾਨੂੰਨ, ਜਿਸ ਦਾ ਕੋਈ ਵੀ ਨਾਮ ਹੋਵੇ, ਜੋ ਉਸ ਰਾਜ ਵਿੱਚ ਖੇਤੀਬਾੜੀ ਉਤਪਾਦਾਂ ਲਈ ਮੰਡੀਆਂ ਨਿਯਮਤ ਕਰਦਾ ਹੈ;

(ਐਮ) "ਵਪਾਰਕ ਖੇਤਰ" ਦਾ ਅਰਥ ਹੈ ਕੋਈ ਵੀ ਖੇਤਰ ਜਾਂ ਸਥਾਨ, ਉਤਪਾਦਨ, ਸੰਗ੍ਰਿਹ ਅਤੇ ਇੱਕਤਰਤਾ ਦੀ ਜਗ੍ਹਾ ਸਮੇਤ।

(ਏ) ਫਾਰਮ ਗੇਟ;

(ਬੀ) ਫੈਕਟਰੀ ਦੀ ਇਮਾਰਤ;

(ਸੀ) ਗੁਦਾਮ;

(ਡੀ) ਸਾਈਲੋਜ਼;

(ਈ) ਕੋਲਡ ਸਟੋਰੇਜ; ਜਾਂ

(ਐਫ) ਕੋਈ ਹੋਰ ਢਾਂਚਾ ਜਾਂ ਸਥਾਨ,

ਜਿਥੋਂ ਭਾਰਤ ਦੀ ਹੱਦ ਅੰਦਰ ਕਿਸਾਨੀ ਉਪਜ ਦਾ ਵਪਾਰ ਕੀਤਾ ਜਾਂਦਾ ਹੋਵੇ ਪਰ ਇਸ ਵਿੱਚ ਅਜਿਹੀ ਇਮਾਰਤ, ਚਾਰ-ਦਿਵਾਰੀ ਅਤੇ ਢਾਂਚੇ ਸ਼ਾਮਿਲ ਨਹੀਂ ਹਨ।

(i) ਭਾਰਤ ਵਿੱਚ ਹਰ ਰਾਜ ਵਿੱਚ ਲਾਗੂ ਏ.ਪੀ.ਐਮ.ਸੀ. ਐਕਟ ਅਧੀਨ ਚਲਾਏ ਜਾ ਰਹੇ ਪ੍ਰਿੰਸੀਪਲ ਮਾਰਕੀਟ ਯਾਰਡ, ਸਬ-ਮਾਰਕੀਟ ਯਾਰਡ ਅਤੇ ਮਾਰਕੀਟ ਸਬ-ਯਾਰਡ ਦੀਆਂ ਭੌਤਿਕੀ ਹੱਦਾਂ;

(ii) ਲਾਇਸੈਂਸ ਧਾਰਕ ਵਿਅਕਤੀਆਂ ਦੁਆਰਾ ਪ੍ਰਬੰਧਿਤ ਪ੍ਰਾਈਵੇਟ ਮਾਰਕੀਟ ਯਾਰਡ, ਨਿੱਜੀ ਮਾਰਕੀਟ ਸਬ-ਯਾਰਡ, ਡਾਇਰੈਕਟ ਮਾਰਕੀਟਿੰਗ ਕੁਲੈਕਸ਼ਨ ਸੈਂਟਰ ਅਤੇ ਪ੍ਰਾਈਵੇਟ ਕਿਸਾਨ-ਖਪਤਕਾਰ ਮੰਡੀਆਂ ਜਾਂ ਭਾਰਤ ਵਿੱਚ ਹਰ ਰਾਜ ਵਿੱਚ ਲਾਗੂ ਏ.ਪੀ.ਐਮ.ਸੀ. ਐਕਟ ਅਧੀਨ ਮੰਡੀਆਂ ਜਾਂ ਡੀਮਡ ਮਾਰਕੀਟ ਵਜੋਂ ਨੋਟੀਫਾਈ ਕੀਤੇ ਗਏ ਕੋਈ ਵੀ ਗੁਦਾਮ, ਸਾਈਲੋਜ਼, ਕੋਲਡ ਸਟੋਰ ਜਾਂ ਹੋਰ ਢਾਂਚੇ।

(ਐਨ) "ਵਪਾਰੀ" (Trader) ਦਾ ਅਰਥ ਹੈ ਉਹ ਵਿਅਕਤੀ ਜੋ ਅੰਤਰ-ਰਾਜੀ ਵਪਾਰ ਜਾਂ ਰਾਜ ਅੰਦਰੂਨੀ ਵਪਾਰ ਜਾਂ ਇਸ ਦੇ ਸੁਮੇਲ ਨਾਲ, ਆਪਣੇ-ਆਪ ਲਈ ਜਾਂ ਇੱਕ ਜਾਂ ਵਧੇਰੇ ਵਿਅਕਤੀਆਂ ਦੇ ਵਾਸਤੇ, ਥੋਕ ਵਪਾਰ, ਪ੍ਰਚੂਨ, ਅੰਤਿਮ-ਉਪਯੋਗ (End-Use) ਮੁੱਲ ਵਧਾਉਣ ਪ੍ਰੋਸੈਸਿੰਗ, ਨਿਰਮਾਣ, ਨਿਰਯਾਤ, ਖਪਤ ਜਾਂ ਅਜਿਹੇ ਹੋਰ ਉਦੇਸ਼ਾਂ ਲਈ ਕਿਸਾਨਾਂ ਦੀ ਉਪਜ ਖਰੀਦਦਾ ਹੈ।

ਅਧਿਆਇ-2 ਕਿਸਾਨੀ ਉਪਜ ਦੇ ਵਪਾਰ 'ਤੇ ਵਣਜ ਦਾ ਪ੍ਰੋਤਸਾਹਨ ਅਤੇ ਸਹੂਲਤ

3. ਇਸ ਆਰਡੀਨੈਂਸ ਦੀਆਂ ਧਾਰਾਵਾਂ ਦੇ ਅਧੀਨ, ਕਿਸੇ ਵੀ ਕਿਸਾਨ ਜਾਂ ਵਪਾਰੀ ਜਾਂ ਇਲੈਕਟ੍ਰਾਨਿਕ ਵਪਾਰ ਅਤੇ ਖਰੀਦੋ-ਫਰੋਖਤ ਦੇ ਪਲੇਟਫਾਰਮ ਨੂੰ ਵਪਾਰਕ ਖੇਤਰ ਵਿੱਚ ਕਿਸਾਨੀ ਉਪਜ ਵਿੱਚ ਅੰਤਰ-ਰਾਜੀ ਜਾਂ ਅੰਤਰ-ਰਾਜ ਵਪਾਰ ਅਤੇ ਵਣਜ ਕਰਨ ਦੀ ਖੁੱਲ੍ਹ ਹੋਵੇਗੀ।

(4). (1) ਕੋਈ ਵੀ ਵਪਾਰੀ ਕਿਸੇ ਵਪਾਰਕ ਖੇਤਰ ਵਿੱਚ ਕਿਸੇ ਹੋਰ ਵਪਾਰੀ ਜਾਂ ਕਿਸਾਨ ਦੇ ਨਾਲ ਅੰਤਰ-ਰਾਜੀ ਵਪਾਰ ਜਾਂ ਅੰਤਰ-ਰਾਜ ਵਪਾਰ ਲਈ ਸ਼ਡਿਊਲਡ ਕਿਸਾਨੀ ਉਪਜ ਦੇ ਵਪਾਰ ਵਿੱਚ ਸ਼ਾਮਲ ਹੋ ਸਕਦਾ ਹੈ;

ਬਸ਼ਰਤੇ ਕਿ ਕੋਈ ਵੀ ਵਪਾਰੀ, ਕਿਸਾਨ ਉਤਪਾਦਕ ਸੰਗਠਨਾਂ ਜਾਂ ਖੇਤੀਬਾੜੀ ਸਹਿਕਾਰੀ ਸਭਾ ਨੂੰ ਛੱਡ ਕੇ, ਕਿਸੇ ਵੀ ਸ਼ਡਿਊਲਡ ਕਿਸਾਨੀ ਉਪਜ ਵਿੱਚ ਵਪਾਰ ਨਾ ਕਰੇ ਜਦੋਂ ਤੱਕ ਕਿ ਅਜਿਹੇ ਵਪਾਰੀ ਦੇ ਕੋਲ ਆਮਦਨ-ਟੈਕਸ ਐਕਟ 1961 ਅਧੀਨ ਅਲਾਟ ਕੀਤਾ ਪਰਮਾਨੈਂਟ ਅਕਾਊਂਟ ਨੰਬਰ ਜਾਂ ਕੇਂਦਰ ਸਰਕਾਰ ਵੱਲੋਂ ਇਸ ਮੰਤਵ ਲਈ ਨੋਟਫਾਈ ਕੀਤੇ ਗਏ ਹੋਰ ਦਸਤਾਵੇਜ਼ ਨਾ ਹੋਣ।

(2) ਕੇਂਦਰ ਸਰਕਾਰ, ਜੇਕਰ ਉਸਦੀ ਰਾਏ ਅਨੁਸਾਰ ਲੋਕ ਹਿੱਤ ਵਿੱਚ ਅਜਿਹਾ ਕਰਨਾ ਉਚਿਤ ਅਤੇ ਜ਼ਰੂਰੀ ਹੋਵੇ, ਵਪਾਰਕ ਖੇਤਰ ਵਿੱਚ ਵਪਾਰੀ ਦੀ ਰਜਿਸ਼ਟਰੇਸ਼ਨ, ਸ਼ਡਿਊਲਡ ਫਾਰਮਰਜ ਪ੍ਰੋਡਿਊਸ ਦੀ ਖਰੀਦੋ-ਫਰੋਖ਼ਤ ਅਤੇ ਅਦਾਇਗੀ ਦੇ ਤਰੀਕੇ ਲਈ, ਇੱਕ ਇਲੈਕਟ੍ਰਾਨਿਕ ਰਜਿਸਟ੍ਰੇਸ਼ਨ ਸਿਸਟਮ ਨਿਰਧਾਰਤ ਕਰੇ;

(3) ਹਰ ਵਪਾਰੀ ਜੋ ਕਿਸਾਨਾਂ ਨਾਲ ਕਾਰੋਬਾਰ ਕਰਦਾ ਹੈ, ਸ਼ਡਿਊਲਡ ਫਾਰਮਰਜ ਪ੍ਰੋਡਿਊਸ ਦੇ ਵਪਾਰ ਲਈ ਭੁਗਤਾਨ ਉਸੇ ਦਿਨ ਜਾਂ ਜੇਕਰ ਪ੍ਰਕਿਰਿਆ ਦੀ ਅਜਿਹੀ ਜ਼ਰੂਰਤ ਹੋਵੇ, ਤਾਂ ਵੱਧ ਤੋਂ ਵੱਧ ਤਿੰਨ ਕੰਮ-ਕਾਜੀ ਦਿਨਾਂ ਦੇ ਅੰਦਰ-ਅੰਦਰ ਇਸ ਸ਼ਰਤ ਅਧੀਨ ਕਰੇਗਾ ਕਿ ਸਪੁਰਦਗੀ ਦੀ ਰਸੀਦ ਜਿਸ ਵਿੱਚ ਅਦਾ-ਯੋਗ ਰਕਮ ਦੇ ਵੇਰਵੇ

ਦਰਸਾਏ ਹੋਣ, ਕਿਸਾਨ ਨੂੰ ਉਸੇ ਦਿਨ ਦੇਵੇਗਾ ਬਸ਼ਰਤੇ ਕਿ ਕੇਂਦਰ ਸਰਕਾਰ ਖੇਤੀਬਾੜੀ ਸਹਿਕਾਰੀ ਸਭਾ ਜਾਂ ਕਿਸਾਨ ਉਤਪਾਦਕ ਸੰਗਠਨਾਂ, ਜਿਸ ਦਾ ਕੋਈ ਵੀ ਨਾਮ ਹੋਵੇ, ਦੁਆਰਾ ਭੁਗਤਾਨ ਲਈ, ਖਰੀਦਦਾਰਾਂ ਤੋਂ ਭੁਗਤਾਨ ਦੀ ਰਸ਼ੀਦ ਨਾਲ ਜੁੜੀ ਹੋਈ, ਇੱਕ ਵੱਖਰੀ ਵਿਧੀ ਨਿਰਧਾਰਤ ਕਰ ਸਕਦੀ ਹੈ।

5. (1) ਕੋਈ ਵੀ ਵਿਅਕਤੀ (ਵਿਅਕਤੀ-ਵਿਸ਼ੇਸ ਨੂੰ ਛੱਡ ਕੇ) ਜਿਸ ਨੂੰ ਇਨਕਮ -ਟੈਕਸ ਐਕਟ, 1961 ਅਧੀਨ ਪਰਮਾਨੈਂਟ ਅਕਾਂਊਟ ਨੰਬਰ ਅਲਾਟ ਹੋਇਆ ਹੋਵੇ ਜਾਂ ਅਜਿਹਾ ਕੋਈ ਹੋਰ ਦਸਤਾਵੇਜ਼ ਜਿਸ ਨੂੰ ਕੇਂਦਰ ਸਰਕਾਰ ਦੁਆਰਾ ਅਧਿਸੂਚਿਤ ਕੀਤਾ ਗਿਆ ਹੋਵੇ ਜਾਂ ਕੋਈ ਵੀ ਕਿਸਾਨ ਉਤਪਾਦਕ ਸੰਸਥਾ ਜਾਂ ਖੇਤੀਬਾੜੀ ਸਹਿਕਾਰੀ ਸਭਾ ਇੱਕ ਵਪਾਰਕ ਖੇਤਰ ਵਿੱਚ ਸ਼ਡਿਊਲਡ ਫਾਰਮਰਜ ਪ੍ਰੋਡਿਊਸ ਦੇ ਅੰਤਰ-ਰਾਜੀ ਜਾਂ ਅੰਤਰ-ਰਾਜ ਵਪਾਰ ਦੀ ਸਹੂਲਤ ਲਈ ਇੱਕ ਇਲੈਕਟ੍ਰਾਨਿਕ ਵਪਾਰ ਅਤੇ ਟ੍ਰਾਂਜੈਕਸ਼ਨ ਪਲੇਟਫਾਰਮ ਸਥਾਪਤ ਕਰ ਸਕਦੀ ਹੈ ਅਤੇ ਚਲਾ ਸਕਦੀ ਹੈ;

ਬਸ਼ਰਤੇ ਕਿ ਇਲੈਕਟ੍ਰਾਨਿਕ ਵਪਾਰ ਅਤੇ ਟ੍ਰਾਂਜੈਕਸ਼ਨ ਪਲੇਟਫਾਰਮ ਸਥਾਪਤ ਕਰਨ ਅਤੇ ਚਲਾਉਣ ਵਾਲਾ ਵਿਅਕਤੀ ਉਚਿਤ ਵਪਾਰ ਅਤੇ ਇਸ ਤਰ੍ਹਾਂ ਦੇ ਹੋਰ ਮਾਮਲਿਆਂ ਲਈ ਜਿਵੇਂ ਕਿ ਵਪਾਰ ਦਾ ਤਰੀਕਾ, ਫੀਸਾਂ, ਹੋਰ ਪਲੇਟਫਾਰਮਾਂ ਦੇ ਨਾਲ ਅੰਤਰ-ਕਾਰਜਸ਼ੀਲਤਾ ਲਈ ਤਕਨੀਕੀ ਮਾਪਦੰਡਾਂ ਸਮੇਤ, ਲੌਜਿਸਟਿਕ ਪ੍ਰਬੰਧ, ਕੁਆਲਟੀ ਦਾ ਮੁਲਾਂਕਣ, ਸਮੇਂ ਸਿਰ ਭੁਗਤਾਨ, ਪਲੇਟਫਾਰਮ ਦੇ ਸੰਚਾਲਨ ਦੀ ਜਗ੍ਹਾ ਦੀ ਸਥਾਨਕ ਭਾਸ਼ਾ ਵਿਚ ਦਿਸ਼ਾ-ਨਿਰਦੇਸ਼ਾਂ ਦਾ ਪ੍ਰਸਾਰ ਬਾਰੇ ਗਾਈਡਲਾਈਨਜ ਤਿਆਰ ਕਰੇਗਾ ਅਤੇ ਲਾਗੂ ਕਰੇਗਾ।

(2) ਜੇਕਰ ਕੇਂਦਰ ਸਰਕਾਰ ਦੀ ਰਾਏ ਅਨੁਸਾਰ ਲੋਕ ਹਿੱਤ ਵਿੱਚ ਅਜਿਹਾ ਕਰਨਾ ਉਚਿਤ ਅਤੇ ਜ਼ਰੂਰੀ ਹੋਵੇ, ਇੱਕ ਵਪਾਰਕ ਖੇਤਰ ਵਿੱਚ ਸਡਿਊਲਡ ਫਾਰਮਰਜ ਪ੍ਰੋਡਿਊਸ ਦੇ ਨਿਰਪੱਖ ਅੰਤਰ-ਰਾਜੀ ਅਤੇ ਅੰਤਰ-ਰਾਜ ਵਪਾਰ ਅਤੇ ਵਣਜ ਦੀ ਸਹੂਲਤ ਲਈ ਨਿਯਮਾਂ ਦੁਆਰਾ ਇਕ ਇਲੈਕਟ੍ਰਾਨਿਕ ਟਰੇਡਿੰਗ ਪਲੇਟਫਾਰਮਾਂ ਲਈ,

(ਏ) ਰਜਿਸਟਰੇਸ਼ਨ ਕਰਨ ਦੀ ਵਿਧੀ, ਨਿਯਮ ਅਤੇ ਤਰੀਕਾ ਨਿਧਾਰਿਤ ਕਰੇਗੀ

(ਬੀ) ਲੌਜਿਸਟਿਕ ਪ੍ਰਬੰਧ ਅਤੇ ਸ਼ਡਿਊਲਡ ਫਾਰਮਰਜ ਪ੍ਰੋਡਿਊਸ ਦੀ ਗੁਣਵੱਤਾ ਦਾ ਮੁਲਾਂਕਣ ਅਤੇ ਭੁਗਤਾਨ ਦਾ ਤਰੀਕੇ ਸਮੇਤ ਤਕਨੀਕੀ ਮਾਪਦੰਡ, ਦੂਜੇ ਪਲੇਟਫਾਰਮ ਦੇ ਨਾਲ ਅੰਤਰ-ਕਾਰਜਸ਼ੀਲਤਾ ਅਤੇ ਵਪਾਰ ਦੇ ਲੈਣ-ਦੇਣ ਦੇ ਢੰਗ ਅਤੇ ਜ਼ਾਬਤਾ ਨਿਰਧਾਰਿਤ ਕਰੇਗੀ।

6. ਵਪਾਰਕ ਖੇਤਰ ਵਿੱਚ ਕਿਸੇ ਵੀ ਕਿਸਾਨ ਜਾਂ ਵਪਾਰੀ ਜਾਂ ਇਲੈਕਟ੍ਰਾਨਿਕ ਵਪਾਰ ਅਤੇ ਲੈਣ-ਦੇਣ ਦੇ ਪਲੇਟਫਾਰਮ ਤੇ ਸ਼ਡਿਊਲਡ ਫਾਰਮਰਜ ਪ੍ਰੋਡਿਊਸ ਦੇ ਵਪਾਰ ਲਈ ਕਿਸੇ ਵੀ ਰਾਜ ਦੇ ਏ.ਪੀ.ਐਮ.ਸੀ.ਐਕਟ ਜਾਂ ਰਾਜ ਦੇ ਕਿਸੇ ਹੋਰ ਕਾਨੂੰਨ ਅਨੁਸਾਰ ਕੋਈ ਵੀ ਮਾਰਕੀਟ ਫੀਸ ਜਾਂ ਸੈਂਸ ਜਾਂ ਟੈਕਸ, ਜਿਸ ਦਾ ਕੋਈ ਵੀ ਨਾਮ ਹੋਵੇ, ਨਹੀਂ

ਲਗਾਇਆ ਜਾਵੇਗਾ।

7. (1) ਕੇਂਦਰ ਸਰਕਾਰ, ਆਪਣੇ ਕਿਸੇ ਵੀ ਸੰਗਠਨ ਦੁਆਰਾ, ਕਿਸਾਨੀ ਉਪਜ ਦੀ ਕੀਮਤ ਦੀ ਜਾਣਕਾਰੀ ਅਤੇ ਮਾਰਕੀਟ ਇੰਟੈਲੀਜੈਂਸ ਲਈ ਸਿਸਟਮ ਅਤੇ ਇਸ ਨਾਲ ਸਬੰਧਤ ਜਾਣਕਾਰੀ ਦੇ ਪ੍ਰਸਾਰ ਲਈ ਇੱਕ ਢਾਂਚਾ ਵਿਕਸਤ ਕਰੇਗੀ।

(2) ਕੇਂਦਰ ਸਰਕਾਰ, ਇਲੈਕਟ੍ਰਾਨਿਕ ਟਰੇਡਿੰਗ ਅਤੇ ਟ੍ਰਾਂਜੈਕਸ਼ਨ ਪਲੇਟਫਾਰਮ ਦੇ ਮਾਲਕ ਅਤੇ ਸੰਚਾਲਨ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਅਜਿਹੇ ਲੈਣ-ਦੇਣ (ਟ੍ਰਾਂਜੈਕਸ਼ਨ) ਬਾਰੇ ਸੂਚਨਾਂ, ਜਿਹੜੀ ਕਿ ਇਹ ਨਿਰਧਾਰਤ ਕਰੇ, ਮੁਹੱਈਆਂ ਕਰਵਾਉਣ ਲਈ ਕਹਿ ਸਕਦੀ ਹੈ।

ਵਿਆਖਿਆ:- ਇਸ ਧਾਰਾ ਦੇ ਮੰਤਵ ਲਈ, "ਕੇਂਦਰੀ ਸਰਕਾਰ ਸੰਗਠਨ" ਦੇ ਸੰਦਰਭ ਵਿੱਚ ਕੋਈ ਵੀ ਅਧੀਨ ਜਾਂ ਅਟੈਚਡ ਦਫਤਰ, ਸਰਕਾਰ ਦੀ ਮਾਲਕੀ ਜਾਂ ਸਰਪ੍ਰਸਤੀ ਵਾਲੀ ਕੰਪਨੀ ਜਾਂ ਸੁਸਾਇਟੀ ਸ਼ਾਮਲ ਹੈ।

ਅਧਿਆਇ-3 ਵਿਵਾਦ ਨਿਪਟਾਰਾ

8. (1) ਇਸ ਆਰਡੀਨੈਂਸ ਦੀ ਧਾਰਾ 4 ਅਧੀਨ ਕਿਸਾਨ ਅਤੇ ਵਪਾਰੀ ਵਿਚਾਲੇ ਲੈਣ-ਦੇਣ ਕਾਰਨ ਪੈਦਾ ਹੋਣ ਵਾਲੇ ਵਿਵਾਦ (Dispute) ਦੇ ਮਾਮਲੇ ਵਿੱਚ, ਸਬੰਧਤ ਧਿਰਾਂ ਉਪ-ਮੰਡਲ ਮੈਜਿਸਟਰੇਟ ਨੂੰ ਬਿਨੈ-ਪੱਤਰ ਦੇ ਕੇ ਆਪਸੀ ਸਹਿਮਤੀ ਵਾਲਾ ਹੱਲ ਕੱਢ ਸਕਦੀਆਂ ਹਨ। ਅਜਿਹੇ ਵਿਵਾਦ ਨੂੰ ਨਿਪਟਾਰੇ ਲਈ ਉਪ-ਮੰਡਲ ਮੈਜਿਸਟਰੇਟ ਵੱਲੋਂ ਗਠਿਤ ਸਾਲਸੀ ਬੋਰਡ ਕੋਲ ਭੇਜਿਆ ਜਾਵੇਗਾ, ਜਿਸ ਦਾ ਫੈਸਲਾ ਮੰਨਣਾ ਲਾਜ਼ਮੀ ਹੋਵੇਗਾ।

2) ਉਪ-ਧਾਰਾ (1) ਅਧੀਨ ਸਬ-ਡਵੀਜ਼ਨਲ ਮੈਜਿਸਟਰੇਟ ਦੁਆਰਾ ਨਿਯੁਕਤ ਹਰ ਸਾਲਸੀ ਬੋਰਡ ਵਿੱਚ, ਇੱਕ ਚੇਅਰਪਰਸਨ ਅਤੇ ਘੱਟ ਤੋਂ ਘੱਟ ਦੋ ਅਤੇ ਵੱਧ ਤੋਂ ਵੱਧ ਚਾਰ ਅਜਿਹੇ ਮੈਂਬਰ ਹੋਣਗੇ ਜਿਨ੍ਹਾਂ ਨੂੰ ਉਪ-ਮੰਡਲ ਮੈਜਿਸਟ੍ਰੇਟ ਢੁਕਵਾਂ ਸਮਝੇ ।

(3) ਚੇਅਰਪਰਸਨ, ਉਪ-ਮੰਡਲ ਮੈਜਿਸਟਰੇਟ ਦੀ ਨਿਗਰਾਨੀ ਅਤੇ ਨਿਯੰਤਰਣ ਅਧੀਨ ਸੇਵਾ ਨਿਭਾਉਣ ਵਾਲਾ ਅਧਿਕਾਰੀ ਹੋਵੇਗਾ ਅਤੇ ਹੋਰ ਮੈਂਬਰ ਵਿਵਾਦ ਨਾਲ ਸਬੰਧਤ ਧਿਰਾਂ ਦੀ ਨੁਮਾਇੰਦਗੀ ਲਈ ਬਰਾਬਰ ਗਿਣਤੀ ਵਿੱਚ ਨਿਯੁਕਤ ਕੀਤੇ ਜਾਣਗੇ ਅਤੇ ਕਿਸੇ ਵੀ ਧਿਰ ਦੀ ਨੁਮਾਇੰਦਗੀ ਲਈ ਉਸ ਪਾਰਟੀ ਦੀ ਸਿਫਾਰਸ਼ ਤੇ ਨਿਯੁਕਤ ਕੀਤਾ ਜਾਵੇਗਾ। ਬਸ਼ਰਤੇ ਕਿ ਜੇਕਰ ਕੋਈ ਧਿਰ ਸੱਤ ਦਿਨਾਂ ਦੇ ਅੰਦਰ-ਅੰਦਰ ਅਜਿਹੀ ਸਿਫਾਰਸ਼ ਕਰਨ ਵਿੱਚ ਅਸਫਲ ਰਹਿੰਦੀ ਹੈ, ਤਾਂ ਉਪ ਮੰਡਲ ਮੈਜਿਸਟਰੇਟ ਅਜਿਹੇ ਵਿਅਕਤੀਆਂ ਨੂੰ, ਜਿਨ੍ਹਾਂ ਨੂੰ ਉਹ ਉਸ ਪਾਰਟੀ ਦੀ ਨੁਮਾਇੰਦਗੀ ਕਰਨ ਲਈ ਉਹ ਢੁਕਵਾਂ ਸਮਝਦਾ ਹੋਵੇ, ਨਿਯੁਕਤ ਕਰ ਸਕਦਾ ਹੈ।

(4) ਜਿੱਥੇ ਕਿਸੇ ਵਿਵਾਦ ਦੇ ਸੰਬੰਧ ਵਿਚ, ਸਮਝੌਤੇ ਦੀ ਕਾਰਵਾਈ ਦੌਰਾਨ ਕੋਈ ਸਮਝੌਤਾ ਹੋ ਜਾਂਦਾ ਹੈ, ਸਮਝੌਤੇ ਦਾ ਇਕ ਮੈਮੋਰੰਡਮ ਉਸੇ ਅਨੁਸਾਰ ਤਿਆਰ ਕੀਤਾ

ਜਾਵੇਗਾ ਅਤੇ ਸਾਰੀਆਂ ਧਿਰਾਂ ਦੁਆਰਾ ਅਜਿਹੇ ਸਮਝੌਤੇ ਦੇ ਖਰੜੇ ਤੇ ਦਸਤਖਤ ਕੀਤੇ ਜਾਣਗੇ ਅਤੇ ਅਜਿਹਾ ਸਮਝੌਤਾ ਸਾਰੀਆਂ ਧਿਰਾਂ ਤੇ ਲਾਗੂ ਹੋਵੇਗਾ।

(5) ਜੇਕਰ ਉਪ-ਧਾਰਾ (1) ਅਧੀਨ ਲੈਣ-ਦੇਣ ਕਰਨ ਵਾਲੀਆਂ ਧਿਰਾਂ ਇਸ ਧਾਰਾ ਦੇ ਤਹਿਤ ਨਿਰਧਾਰਤ ਤਰੀਕੇ ਨਾਲ ਤੀਹ ਦਿਨਾਂ ਦੇ ਅੰਦਰ-ਅੰਦਰ ਵਿਵਾਦ ਨੂੰ ਸੁਲਝਾਉਣ ਵਿੱਚ ਅਸਮਰਥ ਰਹਿੰਦੀਆਂ ਹਨ, ਤਾਂ ਉਹ ਸਬੰਧਤ ਸਬ-ਡਵੀਜ਼ਨਲ ਮੈਜਿਸਟਰੇਟ ਕੋਲ ਜੋ ਕਿ "ਉਪ-ਮੰਡਲ ਅਥਾਰਟੀ" ਹੋਵੇਗਾ, ਕੋਲ ਅਜਿਹੇ ਵਿਵਾਦ ਦੇ ਨਿਪਟਾਰੇ ਲਈ ਪਹੁੰਚ ਕਰ ਸਕਦੀਆਂ ਹਨ।

(6) ਉਪ-ਮੰਡਲ ਅਥਾਰਿਟੀ ਆਪਣੇ-ਆਪ ਜਾਂ ਕਿਸੇ ਪਟੀਸ਼ਨ ਤੇ ਜਾਂ ਕਿਸੇ ਸਰਕਾਰੀ ਏਜੰਸੀ ਦੇ ਹਵਾਲੇ ਤੇ ਧਾਰਾ 4 ਜਾਂ ਇਸ ਤਹਿਤ ਬਣੇ ਨਿਯਮਾਂ ਦੀ ਉਲੰਘਣਾ ਬਾਰੇ ਨੋਟਿਸ ਲੈ ਸਕਦਾ ਹੈ ਅਤੇ ਉਪ-ਧਾਰਾ (7) ਦੇ ਅਧੀਨ ਕਾਰਵਾਈ ਕਰ ਸਕਦੀ ਹੈ।

(7) ਉਪ-ਮੰਡਲ ਅਥਾਰਟੀ ਇਸ ਧਾਰਾ ਅਧੀਨ ਵਿਵਾਦ ਜਾਂ ਉਲੰਘਣਾ ਦਾ ਫੈਸਲਾ, ਸੰਖੇਪ ਤਰੀਕੇ ਨਾਲ, ਅਰਜੀ ਦਾਇਰ ਕਰਨ ਦੀ ਮਿਤੀ ਤੋਂ ਤੀਹ ਦਿਨਾਂ ਦੇ ਅੰਦਰ-ਅੰਦਰ, ਸਬੰਧਤ ਧਿਰਾਂ ਨੂੰ ਸੁਣਵਾਈ ਦਾ ਮੌਕਾ ਦੇਣ ਤੋਂ ਬਾਅਦ ਕਰੇਗੀ, ਅਤੇ ਉਹ- (ਏ) ਵਿਵਾਦ ਅਧੀਨ ਰਕਮ ਦੀ ਰਿਕਵਰੀ ਲਈ ਇਕ ਆਰਡਰ ਪਾਸ ਕਰੇਗੀ; ਜਾਂ (ਬੀ) ਸੈਕਸ਼ਨ 11 ਦੀ ਉਪ-ਧਾਰਾ (1) ਵਿੱਚ ਨਿਰਧਾਰਤ ਕੀਤੇ ਅਨੁਸਾਰ ਜ਼ੁਰਮਾਨਾ ਲਗਾਏਗੀ; ਜਾਂ (ਸੀ) ਇਸ ਆਰਡੀਨੈਂਸ ਦੇ ਤਹਿਤ ਹੁਕਮ ਪਾਸ ਕਰਕੇ ਵਿਵਾਦਿਤ ਵਪਾਰੀ ਨੂੰ ਸਿੱਧੇ ਜਾਂ ਅਸਿੱਧੇ ਤੌਰ ਤੇ ਸ਼ਡਿਊਲਡ ਕਿਸਾਨੀ ਉਪਜ ਦਾ ਕੋਈ ਵਣਜ ਅਤੇ ਵਪਾਰ ਕਰਨ ਤੋਂ, ਜਿੰਨੀ ਮਿਆਦ ਉਹ ਢੁਕਵੀਂ ਸਮਝੇ, ਲਈ ਰੋਕ ਲਗਾਏਗੀ।

(8) ਸਬ-ਡਵੀਜ਼ਨਲ ਅਥਾਰਟੀ ਦੇ ਹੁਕਮ ਤੋਂ ਪੀੜਤ ਕੋਈ ਵੀ ਪਾਰਟੀ ਅਜਿਹੇ ਹੁਕਮ ਦੇਣ ਦੇ ਤੀਹ ਦਿਨਾਂ ਦੇ ਅੰਦਰ-ਅੰਦਰ ਅਪੀਲੇਟ ਅਥਾਰਟੀ (ਕੁਲੈਕਟਰ ਜਾਂ ਕੁਲੈਕਟਰ ਦੁਆਰਾ ਨਾਮਜ਼ਦ ਵਧੀਕ ਕੁਲੈਕਟਰ) ਅੱਗੇ ਅਪੀਲ ਕਰ ਸਕਦੀ ਹੈ ਅਤੇ ਅਪੀਲੇਟ ਅਥਾਰਟੀ ਅਪੀਲ ਦਾਇਰ ਕਰਨ ਦੀ ਮਿਤੀ ਤੋਂ ਤੀਹ ਦਿਨਾਂ ਦੇ ਅੰਦਰ-ਅੰਦਰ ਇਸ ਦਾ ਨਿਪਟਾਰਾ ਕਰੇਗੀ।

(9) ਇਸ ਧਾਰਾ ਅਧੀਨ ਸਬ-ਡਵੀਜ਼ਨਲ ਅਥਾਰਟੀ ਜਾਂ ਅਪੀਲੇਟ ਅਥਾਰਟੀ ਦੁਆਰਾ ਜਾਰੀ ਕੀਤੇ ਹਰੇਕ ਹੁਕਮ ਦੀ ਸਿਵਲ ਕੋਰਟ ਦੇ ਫ਼ਰਮਾਨ ਦੇ ਬਰਾਬਰ ਪਾਵਰ ਹੋਵੇਗੀ ਅਤੇ ਇਹ ਉਸੇ ਤਰ੍ਹਾਂ ਲਾਗੂ ਹੋਵੇਗਾ ਅਤੇ ਫਰਮਾਨੀ ਰਕਮ ਜ਼ਮੀਨ ਦੇ ਮਾਲੀਏ ਦੇ ਬਕਾਏ ਵਜੋਂ ਵਸੂਲ ਕੀਤੀ ਜਾਵੇਗੀ।

(10) ਉਪ-ਮੰਡਲ ਅਥਾਰਟੀ ਦੇ ਸਾਹਮਣੇ ਪਟੀਸ਼ਨ ਜਾਂ ਅਰਜ਼ੀ ਦਾਇਰ ਕਰਨ ਦਾ ਢੰਗ ਅਤੇ ਵਿਧੀ ਅਤੇ ਅਪੀਲੇਟ ਅਥਾਰਟੀ ਸਾਹਮਣੇ ਅਪੀਲ ਦੀ ਵਿਧੀ, ਅਜਿਹੀ ਹੋਵੇਗੀ, ਜੋ ਨਿਰਧਾਰਤ ਕੀਤੀ ਜਾਵੇਗੀ।

9. (1) ਖੇਤੀਬਾੜੀ ਮਾਰਕੀਟਿੰਗ ਸਲਾਹਕਾਰ, ਡਾਇਰੈਕਟੋਰੇਟ ਆਫ ਮਾਰਕੀਟਿੰਗ ਅਤੇ ਇੰਨਸਪੈਕਸ਼ਨ, ਭਾਰਤ ਸਰਕਾਰ ਜਾਂ ਰਾਜ ਸਰਕਾਰ ਦਾ ਕੋਈ ਅਧਿਕਾਰੀ ਜਿਸ ਨੂੰ ਅਜਿਹੀਆਂ ਪਾਵਰਾਂ ਕੇਂਦਰ ਸਰਕਾਰ ਵੱਲੋਂ ਸਬੰਧਤ ਰਾਜ ਸਰਕਾਰ ਨਾਲ ਸਲਾਹ ਮਸ਼ਵਰਾ ਕਰਕੇ ਸੌਂਪੀਆਂ ਜਾਂਦੀਆਂ ਹਨ, ਆਪਣੇ ਪ੍ਰਸਤਾਵ ਤੇ ਜਾਂ ਕਿਸੇ ਪਟੀਸ਼ਨ 'ਤੇ ਜਾਂ ਕਿਸੇ ਸਰਕਾਰੀ ਏਜੰਸੀ ਦੇ ਹਵਾਲੇ ਤੇ, ਇਲੈਕਟ੍ਰਾਨਿਕ ਵਪਾਰ ਅਤੇ ਟ੍ਰਾਂਜੈਕਸ਼ਨ ਪਲੇਟਫਾਰਮ ਦੁਆਰਾ ਨਿਰਧਾਰਤ ਵਪਾਰਕ ਕਾਰਜ ਪ੍ਰਣਾਲੀਆਂ ਲਈ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਜਾਂ ਨਿਯਮਾਂ ਦੇ ਢੰਗ ਜਾਂ ਨਿਯਮਾਂ ਦੀ ਉਲੰਘਣਾ, ਜਾਂ ਸੈਕਸ਼ਨ 5 ਅਧੀਨ ਸਥਾਪਤ ਕੀਤੇ ਗਏ ਕਿਸੇ ਵੀ ਸਰਕਾਰੀ ਏਜੰਸੀ ਦੇ ਹਵਾਲੇ ਤੇ ਧਾਰਾ 7 ਦੇ ਪ੍ਰਬੰਧਾਂ ਦੀ ਉਲੰਘਣਾ ਦਾ ਨੋਟਿਸ ਲਵੇਗਾ ਅਤੇ ਪ੍ਰਾਪਤੀ ਤੋਂ ਸੱਠ ਦਿਨਾਂ ਦੇ ਅੰਦਰ-ਅੰਦਰ ਅਤੇ ਇਸ ਦੇ ਕਾਰਨਾਂ ਨੂੰ ਦਰਜ ਕਰਦਾ ਹੁਕਮ ਕਰਕੇ, ਉਹ:

(ਏ) ਕਿਸਾਨਾਂ ਅਤੇ ਵਪਾਰੀਆਂ ਨੂੰ ਅਦਾ ਕੀਤੀ ਜਾਣ ਵਾਲੀ ਰਕਮ ਦੀ ਵਸੂਲੀ ਲਈ ਹੁਕਮ ਪਾਸ ਕਰੇਗਾ;

(ਬੀ) ਸੈਕਸ਼ਨ 11 ਦੀ ਉਪ-ਧਾਰਾ (2) ਵਿਚ ਦਰਸਾਏ ਅਨੁਸਾਰ ਜੁਰਮਾਨਾ ਲਗਾਏਗਾ;

(ਸੀ) ਇਲੈਕਟ੍ਰਾਨਿਕ ਵਪਾਰ ਅਤੇ ਟ੍ਰਾਂਜੈਕਸ਼ਨ ਪਲੇਟਫਾਰਮ ਵਜੋਂ ਕੰਮ ਕਰਨ ਦੇ ਅਧਿਕਾਰ ਨੂੰ ਉਨ੍ਹੇ ਸਮੇਂ ਲਈ ਮੁਅਤਲ ਜਾਂ ਰੱਦ ਕਰ ਸਕਦਾ ਹੈ, ਜਿਨ੍ਹਾਂ ਉਹ ਠੀਕ ਸਮਝੇ।

ਬਸ਼ਰਤੇ ਕਿ ਪਲੇਟਫਾਰਮ ਦੇ ਸੰਚਾਲਕ ਨੂੰ ਸੁਣਵਾਈ ਦਾ ਮੌਕਾ ਦਿੱਤੇ ਬਗੈਰ ਰਕਮ ਦੀ ਵਸੂਲੀ, ਜੁਰਮਾਨਾ ਲਗਾਉਣ ਜਾਂ ਮੁਅਤਲ ਕਰਨ ਜਾਂ ਸੰਚਾਲਨ ਦੇ ਅਧਿਕਾਰ ਨੂੰ ਰੱਦ ਕਰਨ ਦਾ ਕੋਈ ਹੁਕਮ ਪਾਸ ਨਹੀਂ ਕੀਤਾ ਜਾਵੇਗਾ।

(2) ਉਪ-ਧਾਰਾ (1) ਦੇ ਅਧੀਨ ਕੀਤੇ ਗਏ ਹਰੇਕ ਹੁਕਮ ਵਿਚ ਸਿਵਲ ਕੋਰਟ ਦੇ ਫ਼ਰਮਾਨ ਦੇ ਬਰਾਬਰ ਪਾਵਰ ਹੋਵੇਗੀ ਅਤੇ ਉਸੇ ਤਰ੍ਹਾਂ ਲਾਗੂ ਹੋਵੇਗਾ ਅਤੇ ਫ਼ਰਮਾਨੀ ਰਕਮ ਦੀ ਜ਼ਮੀਨ ਦੇ ਮਾਲੀਏ ਦੇ ਬਕਾਏ ਵਜੋਂ ਵਸੂਲ ਕੀਤੀ ਜਾਵੇਗੀ।

10. (1) ਧਾਰਾ 9 ਦੇ ਤਹਿਤ ਹੁਕਮ ਤੋਂ ਪੀੜਤ ਕੋਈ ਵੀ ਵਿਅਕਤੀ, ਅਜਿਹੇ ਹੁਕਮ ਦੀ ਮਿਤੀ ਤੋਂ ਸੱਠ ਦਿਨਾਂ ਦੇ ਅੰਦਰ-ਅੰਦਰ, ਕੇਂਦਰ ਸਰਕਾਰ ਦੁਆਰਾ ਇਸ ਉਦੇਸ਼ ਲਈ ਨਾਮਜ਼ਦ ਅਧਿਕਾਰੀ, ਜਿਸ ਦਾ ਅਹੁੱਦਾ ਭਾਰਤ ਸਰਕਾਰ ਦੇ ਸੰਯੁਕਤ ਸਕੱਤਰ ਦੇ ਅਹੁਦੇ ਤੋਂ ਘੱਟ ਨਾ ਹੋਵੇ, ਉਹ ਅਪੀਲ ਕਰ ਸਕਦਾ ਹੈ।

ਬਸ਼ਰਤੇ ਕਿ ਜੇਕਰ ਅਪੀਲਕਰਤਾ ਅਪੀਲੇਂਟ ਅਥਾਰਟੀ ਨੂੰ ਮਿਥੀ ਮਿਆਦ ਦੇ ਅੰਦਰ-ਅੰਦਰ ਅਪੀਲ ਨਾ ਕਰ ਸਕਣ ਦੇ ਕਾਰਨਾਂ ਬਾਰੇ ਸੰਤੁਸ਼ਟ ਕਰ ਦਿੰਦਾ ਹੈ ਤਾਂ ਅਪੀਲ ਸੱਠ ਦਿਨਾਂ ਦੀ ਮਿਆਦ ਦੇ ਖਤਮ ਹੋਣ ਤੋਂ ਬਾਅਦ ਵੀ ਦਾਖਲ ਕੀਤੀ ਜਾ ਸਕਦੀ ਹੈ, ਪਰ ਕੁੱਲ ਨੱਬੇ ਦਿਨਾਂ ਦੀ ਮਿਆਦ ਤੋਂ ਬਾਅਦ ਨਹੀਂ।

(2) ਇਸ ਧਾਰਾ ਅਧੀਨ ਕੀਤੀ ਗਈ ਹਰ ਅਪੀਲ ਅਜਿਹੀ ਵਿਧੀ ਅਤੇ ਢੰਗ ਨਾਲ, ਅਤੇ ਇਸ ਦੇ ਨਾਲ ਜਿਨ੍ਹਾਂ ਹੁਕਮਾਂ ਦੇ ਵਿਰੁੱਧ ਅਪੀਲ ਕੀਤੀ ਜਾ ਰਹੀ ਹੋਵੇ ਦੀ ਕਾਪੀ ਨੱਥੀ ਕਰਕੇ ਅਤੇ ਅਜਿਹੀ ਫੀਸ ਭਰਕੇ, ਜਿਵੇ ਨਿਰਧਾਰਤ ਕੀਤਾ ਜਾਵੇਗਾ, ਹੀ ਕੀਤੀ ਜਾ ਸਕੇਗੀ।

(3) ਅਪੀਲ ਦਾ ਨਿਪਟਾਰਾ ਕਰਨ ਦੀ ਵਿਧੀ ਅਜਿਹੀ ਹੋਵੇਗੀ ਜੋ ਨਿਰਧਾਰਤ ਕੀਤੀ ਜਾਵੇਗੀ।

(4) ਇਸ ਧਾਰਾ ਅਧੀਨ ਦਾਇਰ ਕੀਤੀ ਗਈ ਅਪੀਲ ਦੀ ਸੁਣਵਾਈ ਅਤੇ ਇਸ ਦਾ ਨਿਪਟਾਰਾ ਅਪੀਲ ਦਾਇਰ ਕੀਤੇ ਜਾਣ ਦੀ ਤਰੀਕ ਤੋਂ ਨੱਬੇ ਦਿਨਾਂ ਦੇ ਅੰਦਰ-ਅੰਦਰ ਕੀਤਾ ਜਾਵੇਗਾ। ਬਸ਼ਰਤੇ ਕਿ ਅਪੀਲ ਦਾ ਨਿਪਟਾਰਾ ਕਰਨ ਤੋਂ ਪਹਿਲਾਂ ਅਪੀਲ ਕਰਨ ਵਾਲੇ ਨੂੰ ਸੁਣਵਾਈ ਦਾ ਮੌਕਾ ਦਿੱਤਾ ਜਾਵੇਗਾ।

ਅਧਿਆਇ-4 ਦੰਡ

11. (1) ਜਿਹੜਾ ਵੀ ਵਿਅਕਤੀ ਧਾਰਾ 4 ਦੇ ਉਪਬੰਧਾਂ ਜਾਂ ਇਸ ਅਧੀਨ ਬਣਾਏ ਨਿਯਮਾਂ ਦੀ ਉਲੰਘਣਾ ਕਰਦਾ ਹੈ, ਉਹ ਜੁਰਮਾਨਾ ਅਦਾ ਕਰਨ ਲਈ ਜਿੰਮੇਵਾਰ ਹੋਵੇਗਾ, ਜੋ ਪੱਚੀ ਹਜ਼ਾਰ ਰੁਪਏ ਤੋਂ ਘੱਟ ਨਹੀਂ ਹੋਵੇਗਾ, ਇਹ ਪੰਜ ਲੱਖ ਰੁਪਏ ਤੱਕ ਹੋ ਸਕਦਾ ਹੈ ਅਤੇ ਜਿਥੇ ਉਲੰਘਣਾ ਲਗਾਤਾਰ ਹੋ ਰਹੀ ਹੋਵੇ, ਹੋਰ ਜੁਰਮਾਨਾ ਉਲੰਘਣਾ ਕਰਨ ਦੇ ਪਹਿਲੇ ਦਿਨ ਤੋਂ ਪੰਜ ਹਜ਼ਾਰ ਰੁਪਏ ਪ੍ਰਤੀ ਦਿਨ, ਜਿਨ੍ਹੇ ਦਿਨ ਉਲੰਘਣਾ ਜਾਰੀ ਰਹਿੰਦੀ ਹੈ ਤੋਂ ਵੱਧ ਨਹੀਂ ਹੋਵੇਗਾ।

(2) ਜੇਕਰ ਕੋਈ ਵਿਅਕਤੀ ਜਿਹੜਾ ਇਲੈਕਟ੍ਰਾਨਿਕ ਵਪਾਰ ਅਤੇ ਟ੍ਰਾਂਜੈਕਸ਼ਨ ਪਲੇਟਫਾਰਮ ਦਾ ਮਾਲਕ ਹੈ, ਨਿਯੰਤਰਣ ਕਰਦਾ ਹੈ ਜਾਂ ਸੰਚਾਲਨ ਕਰਦਾ ਹੈ, ਜੇ ਉਹ ਧਾਰਾ 5 ਅਤੇ 7 ਜਾਂ ਉਸ ਤਹਿਤ ਬਣਾਏ ਨਿਯਮਾਂ ਦੀ ਉਲੰਘਣਾ ਕਰਦਾ ਹੈ ਤਾਂ ਉਸ ਨੂੰ ਜੁਰਮਾਨਾ ਅਦਾ ਕਰਨਾ ਪਵੇਗਾ ਜੋ ਕਿ ਪੰਜਾਹ ਹਜ਼ਾਰ ਰੁਪਏ ਤੋਂ ਘੱਟ ਨਹੀਂ ਹੋਵੇਗਾ ਪਰ ਇਹ ਜੁਰਮਾਨਾ ਦਸ ਲੱਖ ਰੁਪਏ ਤੱਕ ਵਧਾਇਆ ਜਾ ਸਕਦਾ ਹੈ ਅਤੇ ਜਿਥੇ ਉਲੰਘਣਾ ਲਗਾਤਾਰ ਹੋ ਰਹੀ ਹੋਵੇ, ਹੋਰ ਜੁਰਮਾਨਾ ਉਲੰਘਣਾ ਕਰਨ ਦੇ ਪਹਿਲੇ ਦਿਨ ਤੋਂ ਦਸ ਹਜ਼ਾਰ ਰੁਪਏ ਪ੍ਰਤੀ ਦਿਨ, ਜਿੰਨ੍ਹੇ ਦਿਨ ਉਲੰਘਣਾ ਜਾਰੀ ਰਹਿੰਦੀ ਹੈ ਤੋਂ ਵੱਧ ਨਹੀਂ ਹੋਵੇਗਾ।

ਅਧਿਆਇ-5 ਫੁਟਕਲ

12. ਕੇਂਦਰ ਸਰਕਾਰ, ਇਸ ਐਕਟ ਦੀਆਂ ਧਾਰਾਵਾਂ ਦੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਸਮੇਂ-ਸਮੇਂ, ਕਿਸੇ ਵੀ ਅਥਾਰਟੀ ਜਾਂ ਕੇਂਦਰ ਸਰਕਾਰ ਦੇ ਅਧੀਨ ਅਧਿਕਾਰੀ, ਕਿਸੇ ਰਾਜ ਸਰਕਾਰ ਜਾਂ ਕਿਸੇ ਅਥਾਰਟੀ ਜਾਂ ਕਿਸੇ ਰਾਜ ਸਰਕਾਰ ਦੇ ਅਧੀਨ ਅਧਿਕਾਰੀ, ਇਕ ਇਲੈਕਟ੍ਰਾਨਿਕ ਵਪਾਰ ਅਤੇ ਟ੍ਰਾਂਜੈਕਸ਼ਨ ਪਲੇਟਫਾਰਮ ਜਾਂ ਕਿਸੇ ਵਿਅਕਤੀ ਜਾਂ ਵਿਅਕਤੀਆਂ ਜੋ ਇਲੈਕਟ੍ਰਾਨਿਕ ਵਪਾਰ ਅਤੇ ਟ੍ਰਾਂਜੈਕਸ਼ਨ

ਪਲੇਟਫਾਰਮ ਦੇ ਮਾਲਕ ਜਾਂ ਇਲੈਕਟ੍ਰਾਨਿਕ ਵਪਾਰ ਅਤੇ ਟ੍ਰਾਂਜੈਕਸ਼ਨ ਪਲੇਟਫਾਰਮ ਦਾ ਸੰਚਾਲਨ ਕਰਨ ਵਾਲੇ ਜਾਂ ਇਕ ਵਪਾਰੀ ਜਾਂ ਵਪਾਰੀ ਵਰਗ ਨੂੰ ਅਜਿਹੀਆਂ ਹਦਾਇਤਾਂ ਜਾਂ ਦਿਸ਼ਾ ਨਿਰਦੇਸ਼, ਹੁਕਮ ਅਤੇ ਗਾਈਡਲਾਈਨਜ਼, ਜਿਨ੍ਹਾਂ ਨੂੰ ਇਹ ਜ਼ਰੂਰੀ ਸਮਝੇ, ਦੇ ਸਕਦੀ ਹੈ।

13. ਇਸ ਆਰਡੀਨੈਂਸ ਦੀਆਂ ਧਾਰਾਵਾਂ ਅਧੀਨ ਜਾਂ ਇਸ ਦੇ ਤਹਿਤ ਬਣੇ ਕਿਸੇ ਨਿਯਮ ਦੇ ਅਧੀਨ ਕੇਂਦਰ ਸਰਕਾਰ ਰਾਜ ਸਰਕਾਰ, ਰਜਿਸਟ੍ਰੇਸ਼ਨ ਅਥਾਰਟੀ, ਉਪ-ਮੰਡਲ ਅਥਾਰਟੀ, ਅਪੀਲੇਂਟ ਅਥਾਰਟੀ ਜਾਂ ਕਿਸੇ ਹੋਰ ਵਿਅਕਤੀ ਵੱਲੋ ਚੰਗੀ ਇੱਛਾ ਨਾਲ ਕੀਤੀ ਗਈ ਕਾਰਵਾਈ ਵਿਰੁੱਧ ਕੋਈ ਮੁਕੱਦਮਾ, ਮੁਕੱਦਮੇ-ਬਾਜੀ ਜਾਂ ਹੋਰ ਕਾਨੂੰਨੀ ਕਾਰਵਾਈ ਨਹੀ ਬਣੇਗੀ।

14. ਇਸ ਆਰਡੀਨੈਂਸ ਦੇ ਪ੍ਰਾਵਧਾਨਾਂ ਦਾ ਪ੍ਰਭਾਵ, ਰਾਜ ਦੇ ਏ.ਪੀ.ਐਮ.ਸੀ. ਐਕਟ ਜਾਂ ਕਿਸੇ ਵੀ ਕਾਨੂੰਨ ਵਿੱਚ ਇਸ ਸਮੇਂ ਮੌਜੂਦ ਕਿਸੇ ਵੀ ਕਾਨੂੰਨੀ ਨਿਯਮ ਜਾਂ ਕਿਸੇ ਕਾਨੂੰਨੀ ਦਸਤਾਵੇਜ, ਜਿਸ ਦਾ ਅਸਰ ਇਸ ਆਰਡੀਨੈਂਸ ਤੋਂ ਇਲਾਵਾ ਕਿਸੇ ਵੀ ਕਾਨੂੰਨ ਅਧੀਨ ਹੋਵੇ, ਦੇ ਬਾਵਜੂਦ ਹੋਵੇਗਾ।

15. ਇਸ ਆਰਡੀਨੈਂਸ ਦੇ ਤਹਿਤ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਕਿਸੇ ਵੀ ਅਥਾਰਟੀ ਵੱਲੋਂ ਕੀਤੀ ਗਈ ਕਾਰਵਾਈ ਬਾਰੇ ਮੁਕੱਦਮਾ ਚਲਾਉਣਾ ਜਾਂ ਕਿਸੇ ਤਰ੍ਹਾਂ ਦੀ ਕੋਈ ਹੋਰ ਕਾਰਵਾਈ ਚਲਾਉਣਾ, ਕਿਸੇ ਵੀ ਅਦਾਲਤ ਦੇ ਅਧਿਕਾਰ ਖੇਤਰ ਤੋ ਬਾਹਰ ਹੋਵੇਗਾ।

16. ਸਟਾਕ ਐਕਸਚੇਂਜਾਂ ਅਤੇ ਕਲੀਅਰਿੰਗ ਕਾਰਪੋਰੇਸ਼ਨਾਂ ਤੇ, ਜੋ ਸਿਕਓਰਟੀਜ਼ ਕੰਟਰੈਕਟਸ (ਰੈਗੂਲੇਸ਼ਨ) ਐਕਟ, 1956 ਅਧੀਨ ਮਾਨਤਾ ਪ੍ਰਾਪਤ ਹੋਣ ਦੇ ਲੈਣ-ਦੇਣ ਤੇ, ਇਸ ਆਰਡੀਨੈਂਸ ਦੇ ਪ੍ਰਵਾਧਾਨ ਲਾਗੂ ਨਹੀਂ ਹੋਣਗੇ।

17. (1) ਕੇਂਦਰ ਸਰਕਾਰ ਆਪਣੇ ਗਜ਼ਟ ਵਿਚ ਨੋਟੀਫਿਕੇਸ਼ਨ ਕਰਕੇ ਇਸ ਆਰਡੀਨੈਂਸ ਦੀਆਂ ਧਾਰਾਵਾਂ ਨੂੰ ਲਾਗੂ ਕਰਨ ਲਈ ਨਿਯਮ ਬਣਾ ਸਕਦੀ ਹੈ।

(2) ਖ਼ਾਸਕਰ, ਅਤੇ ਉਪਰੋਕਤ ਸ਼ਕਤੀਆਂ ਦੀ ਸਾਧਾਰਣਤਾ ਪ੍ਰਤੀ ਪੱਖਪਾਤ ਕੀਤੇ ਬਿਨਾਂ, ਅਜਿਹੇ ਨਿਯਮ ਹੇਠ ਲਿਖੀਆਂ ਸਾਰੀਆਂ ਜਾਂ ਕਿਸੇ ਵੀ ਮੁੱਦਿਆਂ ਲਈ ਉਪਬੰਧ ਕਰ ਸਕਦੇ ਹਨ, ਜਿਵੇ ਕਿ :

(ਏ) ਸੈਕਸ਼ਨ 4 ਦੀ ਉਪ-ਧਾਰਾ (2) ਦੇ ਅਧੀਨ ਸ਼ਡਿਊਲਡ ਫਾਰਮਰਜ਼ ਪ੍ਰੋਡਿਊਸ ਦੀ ਖਰੀਦੋ-ਫਰੋਖ਼ਤ ਲਈ ਵਾਪਰੀ ਦੀ ਇਲੈਕਟ੍ਰੋਨਿਕ ਰਜਿਸਟਰੇਸ਼ਨ ਕਰਨ ਲਈ ਸਿਸਟਮ ਅਤੇ ਵਪਾਰਕ ਲੈਣ-ਦੇਣ ਦੀ ਰੂਪ-ਰੇਖਾ;

(ਬੀ) ਧਾਰਾ 4 ਦੇ ਉਪ-ਧਾਰਾ (3) ਦੀ ਪ੍ਰੋਵੀਜ਼ਨ ਤਹਿਤ ਭੁਗਤਾਨ ਦੀ ਪ੍ਰਕਿਰਿਆ;

(ਸੀ) ਧਾਰਾ 8 ਦੀ ਉਪ-ਧਾਰਾ (10) ਅਧੀਨ ਉਪ-ਮੰਡਲ ਅਥਾਰਟੀ ਅੱਗੇ ਪਟੀਸ਼ਨ ਜਾਂ ਅਰਜ਼ੀ ਦਾਇਰ ਕਰਨ ਅਤੇ ਅਪੀਲੇਂਟ ਅਥਾਰਟੀ ਸਾਹਮਣੇ ਅਪੀਲ

ਕਰਨ ਦਾ ਢੰਗ ਅਤੇ ਪ੍ਰਕਿਰਿਆ;

(ਡੀ) ਸੈਕਸ਼ਨ 9 ਦੀ ਉਪ-ਧਾਰਾ (2) ਅਧੀਨ ਲੈਣ-ਦੇਣ ਸੰਬੰਧੀ ਜਾਣਕਾਰੀ;

(ਈ) ਸੈਕਸ਼ਨ 10 ਦੀ ਉਪ-ਧਾਰਾ (2) ਦੇ ਅਧੀਨ ਅਪੀਲ ਦਾਇਰ ਕਰਨ ਲਈ ਅਦਾਯੋਗ ਫੀਸ, ਫਾਰਮ ਅਤੇ ਢੰਗ;

(ਐਫ) ਧਾਰਾ 10 ਦੀ ਉਪ-ਧਾਰਾ (3) ਦੇ ਅਧੀਨ ਅਪੀਲ ਦਾ ਨਿਪਟਾਰਾ ਕਰਨ ਦੀ ਪ੍ਰਕਿਰਿਆ।

(ਜੀ) ਕੋਈ ਹੋਰ ਮਾਮਲਾ ਜੋ ਨਿਰਧਾਰਤ ਕੀਤਾ ਜਾਣਾ ਹੈ ਜਾਂ ਹੋ ਸਕਦਾ ਹੈ।

18. ਇਸ ਐਕਟ ਅਧੀਨ ਕੇਂਦਰ ਸਰਕਾਰ ਦੁਆਰਾ ਬਣਾਏ ਗਏ ਹਰ ਨਿਯਮ ਨੂੰ ਸੰਸਦ ਦੇ ਹਰੇਕ ਸਦਨ ਦੇ ਅੱਗੇ, ਇਸ ਦੇ ਬਣਨ ਤੋਂ ਬਾਅਦ ਜਿਵੇਂ ਹੀ ਸੈਸ਼ਨ ਲਗਦਾ ਹੈ ਜਿਸ ਵਿੱਚ ਕੁੱਲ ਤੀਹ ਦਿਨਾਂ ਦੀ ਮਿਆਦ ਇੱਕ ਸੈਸ਼ਨ ਵਿੱਚ ਜਾਂ ਦੋ ਜਾਂ ਵੱਧ ਤੋਂ ਵੱਧ ਸੈਸ਼ਨਾਂ ਵਿਚ ਸ਼ਾਮਲ ਹੋ ਸਕਦੀ ਹੈ ਅਤੇ ਜੇ ਸੈਸ਼ਨ ਦੀ ਸਮਾਪਤੀ ਤੋਂ ਤੁਰੰਤ ਪਹਿਲਾਂ ਇਜਲਾਸ ਜਾਂ ਉਪਰੋਕਤ ਅਗਲੇ ਸੈਸ਼ਨਾਂ ਤੋਂ ਬਾਅਦ ਦੋਵੇਂ ਸਦਨ ਨਿਯਮ ਵਿੱਚ ਕੋਈ ਤਬਦੀਲੀ ਕਰਨ ਲਈ ਸਹਿਮਤ ਹਨ ਜਾਂ ਦੋਵੇਂ ਸਦਨ ਸਹਿਮਤ ਹਨ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਜਿਵੇਂ ਵੀ ਕੇਸ ਹੋਵੇ; ਨਿਯਮ ਉਸ ਤੋਂ ਬਾਅਦ ਸਿਰਫ ਅਜਿਹੇ ਬਦਲੇ ਹੋਏ ਰੂਪ ਵਿਚ ਲਾਗੂ ਹੋਵੇਗਾ ਜਾਂ ਲਾਗੂ ਨਹੀ ਹੋਵੇਗਾ ਇਸ ਲਈ ਹਾਲਾਂਕਿ ਕੋਈ ਵੀ ਅਜਿਹੀ ਸੋਧ ਜਾਂ ਰੱਦ ਕਰਨਾ ਉਸ ਨਿਯਮ ਦੇ ਤਹਿਤ ਪਹਿਲਾਂ ਕੀਤੀ ਗਈ ਕਿਸੇ ਵੀ ਕਾਰਵਾਈ ਦੀ ਵੈਧਤਾ ਦੇ ਪੱਖਪਾਤ ਤੋਂ ਬਿਨਾਂ ਹੋਵੇਗਾ।

19. 1) ਜੇ ਇਸ ਆਰਡੀਨੈਂਸ ਦੇ ਉਪਬੰਧਾਂ ਨੂੰ ਲਾਗੂ ਕਰਨ ਵਿੱਚ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਕੇਂਦਰ ਸਰਕਾਰ ਸਰਕਾਰੀ ਗਜ਼ਟ ਵਿੱਚ ਆਦੇਸ਼ ਪ੍ਰਕਾਸ਼ਤ ਕਰਕੇ ਅਜਿਹੇ ਉਪਬੰਧ ਕਰ ਸਕਦੀ ਹੈ ਜੋ ਆਰਡੀਨੈਂਸ ਦੀਆਂ ਧਾਰਾਵਾਂ ਨਾਲ ਮੇਲ ਨਹੀਂ ਖਾਂਦੇ ਪਰ ਪੇਸ਼ ਆ ਰਹੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਇਸ ਨੂੰ ਜ਼ਰੂਰੀ ਜਾਪਦੇ ਹੋਣ।

(2) ਇਸ ਧਾਰਾ ਦੇ ਅਧੀਨ ਕੀਤੇ ਗਏ ਹਰ ਹੁਕਮ ਨੂੰ ਇਸ ਦੇ ਬਣਨ ਤੋਂ ਬਾਅਦ ਸੰਸਦ ਦੇ ਹਰੇਕ ਸਦਨ ਵਿੱਚ ਤੁਰੰਤ ਰੱਖਿਆ ਜਾਵੇਗਾ।

ਦਸਤਖਤ

ਰਾਮ ਨਾਥ ਕੋਵਿੰਦ

ਰਾਸ਼ਟਰਪਤੀ

ਕਾਨੂੰਨ ਅਤੇ ਨਿਆਂ ਮੰਤਰਾਲਾ (ਵਿਧਾਨ ਵਿਭਾਗ)

ਨਵੀਂ ਦਿੱਲੀ, 5 ਜੂਨ 2020

ਕਿਸਾਨ (ਸਸ਼ਕਤੀਕਰਨ ਅਤੇ ਸੁਰੱਖਿਆ) ਮੁੱਲ ਅਸਵਾਸ਼ਨ ਅਤੇ ਖੇਤੀ ਸੇਵਾਵਾਂ ਸਮਝੌਤਾ ਆਰਡੀਨੈਂਸ, 2020

ਗਣਤੰਤਰ ਦੇ ਇਕੱਤਰਵੇਂ ਸਾਲ ਵਿੱਚ ਰਾਸ਼ਟਰਪਤੀ ਦੁਆਰਾ ਜਾਰੀ

ਖੇਤੀਬਾੜੀ ਸਮਝੌਤਿਆਂ ਬਾਰੇ ਰਾਸ਼ਟਰੀ ਢਾਂਚੇ ਦਾ ਉਪਬੰਧ ਕਰਨ ਲਈ, ਜਿਹੜਾ ਕਿ ਕਿਸਾਨਾਂ ਨੂੰ ਖੇਤੀ-ਕਾਰੋਬਾਰ ਫਰਮਾਂ, ਪ੍ਰੋਸੈਸਰਾਂ, ਥੋਕ ਵਿਕਰੇਤਾਵਾਂ, ਬਰਾਮਦਕਾਰਾਂ ਜਾਂ ਵੱਡੇ ਪ੍ਰਚੂਨ ਵਿਕਰੇਤਾਵਾਂ ਨਾਲ ਖੇਤੀ ਸੇਵਾਵਾਂ ਅਤੇ ਭਵਿੱਖੀ ਉਪਜ ਦੀ ਵਿਕਰੀ ਲਈ ਆਪਸੀ ਸਹਿਮਤੀ ਰਾਹੀਂ ਲਾਹੇਵੰਦ ਭਾਅ ਫਰੇਮਵਰਕ ਵਿੱਚ ਨਿਰਪੱਖ ਅਤੇ ਪਾਰਦਰਸ਼ੀ ਤਰੀਕੇ ਨਾਲ ਸ਼ਾਮਲ ਕਰਨ ਅਤੇ ਇਸ ਨਾਲ ਜੁੜੇ ਜਾਂ ਇਸ ਨਾਲ ਸੰਬੰਧਿਤ ਮਾਮਲਿਆਂ ਵਿੱਚ ਸੁਰੱਖਿਆ ਅਤੇ ਸ਼ਕਤੀ ਪ੍ਰਦਾਨ ਕਰਨ ਲਈ ਇੱਕ ਆਰਡੀਨੈਂਸ।

ਅਤੇ ਜਦੋਂ ਸੰਸਦ ਸੈਸ਼ਨ ਵਿੱਚ ਨਹੀਂ ਹੈ ਅਤੇ ਰਾਸ਼ਟਰਪਤੀ ਇਸ ਗੱਲ ਤੋਂ ਸੰਤੁਸ਼ਟ ਹਨ ਕਿ ਅਜਿਹੀਆਂ ਸਥਿਤੀਆਂ ਮੌਜੂਦ ਹਨ ਜਿਨ੍ਹਾਂ ਵਿੱਚ ਉਨ੍ਹਾਂ ਨੂੰ ਤੁਰੰਤ ਕਾਰਵਾਈ ਕਰਨਾ ਜ਼ਰੂਰੀ ਕਰ ਦਿੰਦੀਆਂ ਹਨ;

ਹੁਣ, ਇਸ ਲਈ, ਸੰਵਿਧਾਨ ਦੇ ਆਰਟੀਕਲ 123 ਦੀ ਧਾਰਾ (1) ਦੁਆਰਾ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ, ਰਾਸ਼ਟਰਪਤੀ ਪ੍ਰਸੰਨਤਾ ਪੂਰਵਕ ਹੇਠ ਦਿੱਤੇ ਅਨੁਸਾਰ ਆਰਡੀਨੈਂਸ ਜਾਰੀ ਕਰਦੇ ਹਨ: –

ਅਧਿਆਇ–1 ਪ੍ਰਾਰੰਭਿਕ (Prelimnary)

1. (1) ਇਸ ਆਰਡੀਨੈਂਸ ਨੂੰ ਕਿਸਾਨ (ਸਸ਼ਕਤੀਕਰਨ ਅਤੇ ਸੁਰੱਖਿਆ) ਮੁੱਲ ਅਸਵਾਸ਼ਨ ਅਤੇ ਫਾਰਮ ਸੇਵਾਵਾਂ ਸਮਝੌਤਾ ਆਰਡੀਨੈਂਸ, 2020 ਕਿਹਾ ਜਾਵੇ।

(2) ਇਹ ਤੁਰੰਤ ਲਾਗੂ ਹੋ ਜਾਵੇਗਾ।

2. ਇਸ ਆਰਡੀਨੈਂਸ ਵਿੱਚ, ਜਦੋਂ ਤਕ ਪ੍ਰਸੰਗ ਦੀ ਹੋਰ ਲੋੜ ਨਾ ਹੋਵੇ,

(ਏ) "ਖੇਤੀ ਉਪਜ" ਦਾ ਭਾਵ ਹੈ;

(i) ਖਾਧ ਪਦਾਰਥ, ਖਾਣ ਵਾਲੇ ਤੇਲ ਬੀਜਾਂ ਅਤੇ ਤੇਲਾਂ ਸਮੇਤ, ਹਰ ਕਿਸਮ ਦੇ ਅਨਾਜ ਜਿਵੇ ਕਿ ਕਣਕ, ਚਾਵਲ ਜਾਂ ਹੋਰ ਮੋਟੇ ਅਨਾਜ, ਦਾਲਾਂ, ਸਬਜ਼ੀਆਂ, ਫਲ, ਗਿਰੀਆਂ, ਮਸਾਲੇ, ਮਨੁੱਖੀ ਖਪਤ ਦੇ ਉਦੇਸ਼ ਨਾਲ ਕੁਦਰਤੀ ਜਾਂ ਸੰਸਾਧਿਤ ਰੂਪ ਵਿੱਚ ਗੰਨੇ ਅਤੇ ਪੋਲਟਰੀ, ਸੂਰ-ਪਾਲਣ, ਬੱਕਰੀ–ਪਾਲਣ, ਮੱਛੀ–ਪਾਲਣ ਅਤੇ ਡੇਅਰੀ ਦੇ ਉਤਪਾਦ ;

(ii) ਪਸ਼ੂਆਂ ਦਾ ਚਾਰਾ, ਸਮੇਤ ਖਲ ਅਤੇ ਹੋਰ ਕੰਨਸੈਂਟਰੇਟ;

(iii) ਕਪਾਹ ਨਰਮਾ, ਜਿੰਨਡ (ਬਿਨਾ–ਵੜੇਵਿਆਂ ਤੋਂ) ਜਾਂ ਅਨ–ਜਿੰਨਡ ;

(iv) ਵੜੇਵੇਂ ਅਤੇ ਪਟਸਨ;

(ਬੀ) ਏ.ਪੀ.ਐਮ.ਸੀ. ਯਾਰਡ ਦਾ ਅਰਥ ਹੈ ਰਾਜ ਦੇ ਕਿਸੇ ਵੀ ਐਕਟ ਤਹਿਤ ਖੇਤੀ

ਉਪਜ ਦੇ ਵਪਾਰ ਅਤੇ ਖੇਤੀਬਾੜੀ ਉਤਪਾਦਨ ਮਾਰਕੀਟ ਕਮੇਟੀ ਯਾਰਡ ਅਧੀਨ ਰੈਗੂਲੇਟਿਡ ਮਾਰਕੀਟ ਲਈ ਸਥਾਪਿਤ ਕੀਤੀ ਗਈ ਮੰਡੀ ਦੀ ਭੌਤਿਕੀ ਚਾਰ-ਦਿਵਾਰੀ।

(ਸੀ) "ਕੰਪਨੀ" ਤੋਂ ਭਾਵ ਹੈ ਕੰਪਨੀ ਐਕਟ, 2013 ਦੇ ਸੈਕਸ਼ਨ 2 ਦੀ ਧਾਰਾ (20) ਵਿੱਚ ਪਰਿਭਾਸ਼ਤ ਕੀਤੀ ਗਈ ਇੱਕ ਕੰਪਨੀ;

(ਡੀ) "ਇਲੈਕਟ੍ਰਾਨਿਕ ਟਰੇਡਿੰਗ ਅਤੇ ਟ੍ਰਾਂਜੈਕਸ਼ਨ ਪਲੇਟਫਾਰਮ" ਦਾ ਅਰਥ ਹੈ ਇਲੈਕਟ੍ਰਾਨਿਕ ਉਪਕਰਣ ਅਤੇ ਇੰਟਰਨੈਟ ਵਰਤ ਕੇ ਇੱਕ ਨੈਟਵਰਕ ਰਾਹੀਂ ਖੇਤੀ ਉਤਪਾਦਾਂ ਦੇ ਵਪਾਰ ਅਤੇ ਵਣਜ ਲਈ ਸਿੱਧੇ ਅਤੇ ਆਨਲਾਈਨ ਲੈਣ-ਦੇਣ ਦੀ ਸਹੂਲਤ ਪ੍ਰਦਾਨ ਕਰਨ ਲਈ ਇੱਕ ਪਲੇਟਫਾਰਮ;

(ਈ) "ਖੇਤੀ ਸੇਵਾਵਾਂ" ਵਿੱਚ ਬੀਜ, ਫੀਡ, ਚਾਰਾ, ਖੇਤੀ ਰਸਾਇਣ, ਮਸ਼ੀਨਰੀ ਅਤੇ ਤਕਨਾਲੋਜੀ, ਸਲਾਹ, ਨਾਨ-ਕੈਮੀਕਲ ਐਗਰੋ-ਇਨਪੁਟਸ ਅਤੇ ਖੇਤੀ ਲਈ ਲੋੜੀਂਦੀਆਂ ਹੋਰ ਇਨਪੁਟਸ ਸ਼ਾਮਲ ਹਨ;

(ਐਫ) "ਕਿਸਾਨ" ਤੋਂ ਭਾਵ ਹੈ ਉਹ ਵਿਅਕਤੀ ਜੋ ਖੇਤੀ ਉਪਜ ਦਾ ਉਤਪਾਦਨ ਦਾ ਕੰਮ ਖੁਦ ਜਾਂ ਭਾੜੇ ਦੇ ਮਜਦੂਰ ਰਾਹੀਂ ਜਾਂ ਕਿਸੇ ਹੋਰ ਰਾਹੀਂ ਕਰਦਾ ਹੈ, ਅਤੇ ਇਸ ਵਿੱਚ ਕਿਸਾਨ ਉਤਪਾਦਕ ਸੰਗਠਨ ਸ਼ਾਮਲ ਹੈ;

(ਜੀ) "ਫਾਰਮਰ ਪ੍ਰੋਡਿਸਰ ਆਰਗੇਨਾਈਜੇਸ਼ਨ" ਦਾ ਭਾਵ ਹੈ ਕਿਸਾਨਾਂ ਦਾ ਇੱਕ ਸਮੂਹ ਜਾਂ ਐਸੋਸੀਏਸ਼ਨ ਜਿਸ ਨੂੰ ਕੋਈ ਵੀ ਨਾਮ ਦਿੱਤਾ ਹੋਵੇ;

(i) ਜੋ ਫਿਲਹਾਲ ਕਿਸੇ ਵੀ ਕਾਨੂੰਨ ਅਧੀਨ ਰਜਿਸਟਰਡ ਹੋਵੇ; ਜਾਂ

(ii) ਜੋ ਕੇਂਦਰ ਸਰਕਾਰ ਜਾਂ ਰਾਜ ਸਰਕਾਰ ਦੁਆਰਾ ਸਪਾਂਸਰ ਕੀਤੀ ਗਈ ਯੋਜਨਾ ਜਾਂ ਪ੍ਰੋਗਰਾਮ ਅਧੀਨ ਬਣਾਈ ਹੋਵੇ;

(ਐਚ) "ਖੇਤੀਬਾੜੀ ਸਮਝੌਤੇ" ਦਾ ਅਰਥ ਹੈ, ਇੱਕ ਕਿਸਾਨ ਅਤੇ ਇੱਕ ਸਪਾਂਸਰ, ਜਾਂ ਇੱਕ ਕਿਸਾਨ, ਇੱਕ ਸਪਾਂਸਰ ਅਤੇ ਕਿਸੇ ਵੀ ਤੀਜੀ ਧਿਰ ਦੇ ਵਿੱਚਕਾਰ ਖੇਤੀ ਉਪਜ ਦੇ ਉਤਪਾਦਨ ਜਾਂ ਪਾਲਣ ਤੋਂ ਪਹਿਲਾਂ ਨਿਰਧਾਰਿਤ ਮਿਆਰ ਬਾਰੇ ਇੱਕ ਲਿਖਤੀ ਸਮਝੌਤਾ, ਜਿਸ ਵਿੱਚ ਸਪਾਂਸਰ ਕਿਸਾਨ ਤੋਂ ਅਜਿਹੀ ਖੇਤੀ ਉਪਜ ਖਰੀਦ ਕਰਨ ਲਈ ਅਤੇ ਉਸਨੂੰ ਨੂੰ ਖੇਤੀ ਸੇਵਾਵਾਂ ਪ੍ਰਦਾਨ ਕਰਨ ਲਈ ਸਹਿਮਤ ਹੋਵੇ;

ਵਿਆਖਿਆ: ਇਸ ਧਾਰਾ ਦੇ ਮੰਤਵ ਲਈ "ਖੇਤੀ ਸਮਝੌਤਾ" ਵਿੱਚ ਹੇਠ ਅਨੁਸਾਰ ਸ਼ਾਮਲ ਹੋ ਸਕਦਾ ਹੈ-

(i) 'ਵਪਾਰ ਅਤੇ ਵਣਜ ਸਮਝੌਤਾ', ਜਿਥੇ ਵਸਤੂਆਂ ਦੀ ਮਾਲਕੀ ਉਤਪਾਦਨ ਦੇ ਸਮੇਂ ਕਿਸਾਨ ਦੀ ਹੋਵੇਗੀ ਅਤੇ ਉਸ ਨੂੰ ਉਤਪਾਦ ਦੀ ਕੀਮਤ, ਸਪਾਂਸਰ ਨਾਲ ਸਹਿਮਤ ਸ਼ਰਤਾਂ ਅਨੁਸਾਰ ਉਤਪਾਦ ਦੀ ਸਪਲਾਈ ਕਰਨ ਤੇ ਮਿਲੇਗੀ;

(ii) 'ਉਤਪਾਦਨ ਸਮਝੌਤਾ', ਜਿੱਥੇ ਸਪਾਂਸਰ ਖੇਤੀਬਾੜੀ ਸੇਵਾਵਾਂ, ਪੂਰਨ ਜਾਂ ਅੰਸ਼ਕ ਰੂਪ ਵਿੱਚ ਪ੍ਰਦਾਨ ਕਰਨ ਲਈ ਅਤੇ ਉਤਪਾਦਨ ਦੇ ਜੋਖਮ ਨੂੰ ਸਹਿਣ ਲਈ ਸਹਿਮਤ ਹੈ, ਪਰੰਤੂ ਅਜਿਹੇ ਕਿਸਾਨ ਦੁਆਰਾ ਦਿੱਤੀਆਂ ਜਾਂਦੀਆਂ ਸੇਵਾਵਾਂ ਲਈ ਉਨ੍ਹਾਂ ਨੂੰ

ਅਦਾਇਗੀ ਕਰਨ ਲਈ ਸਹਿਮਤ ਹੈ;

(iii) ਅਜਿਹੇ ਹੋਰ ਸਮਝੌਤੇ ਜਾਂ ਉੱਪਰ ਦਰਜ ਸਮਝੌਤਿਆਂ ਦਾ ਇੱਕ ਸੁਮੇਲ

(ਆਈ) "ਫਰਮ" ਤੋਂ ਭਾਵ ਹੈ ਇੰਡੀਅਨ ਪਾਰਟਨਰਸ਼ਿਪ ਐਕਟ, 1932 ਦੀ ਧਾਰਾ 4 ਵਿੱਚ ਦਿੱਤੀ ਗਈ ਪਰਿਭਾਸ਼ਾ ਅਨੁਸਾਰ ਫਰਮ;

(ਜੇ) "ਅਪ੍ਰਤਿਅਸ਼ਿਤ ਘਟਨਾ" ਦਾ ਅਰਥ ਹੈ ਕੋਈ ਵੀ ਅਣਕਿਆਸੀ ਬਾਹਰੀ ਘਟਨਾ, ਜਿਸ ਵਿੱਚ ਹੜ੍ਹ, ਸੋਕਾ, ਖਰਾਬ ਮੌਸਮ, ਭੁਚਾਲ, ਕੀੜੇ-ਮਕੌੜੇ, ਬਿਮਾਰੀ ਕਾਰਨ ਮਹਾਂਮਾਰੀ ਦਾ ਫੈਲਣਾ ਅਤੇ ਅਜਿਹੀਆਂ ਹੋਰ ਘਟਨਾਵਾਂ, ਜੋ ਕਿ ਖੇਤੀ ਸਮਝੌਤੇ ਵਿੱਚ ਸ਼ਾਮਿਲ ਧਿਰਾਂ ਦੇ ਨਿਯੰਤਰਣ ਅਤੇ ਵੱਸੋ ਬਾਹਰ ਹੋਣ;

(ਕੇ) "ਨੋਟੀਫਿਕੇਸ਼ਨ" ਦਾ ਅਰਥ ਹੈ ਕੇਂਦਰ ਸਰਕਾਰ ਜਾਂ ਰਾਜ ਸਰਕਾਰ, ਜਿਵੇ ਵੀ ਸਥਿਤੀ ਹੋਵੇ, ਦੁਆਰਾ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਿਤ ਅਧਿਸੂਚਨਾ, ਅਤੇ "ਨੋਟੀਫਾਈਡ" ਦਾ ਭਾਵ ਉਸੇ ਤਰ੍ਹਾਂ ਹੀ ਮੰਨਿਆ ਜਾਵੇਗਾ;

(ਐਲ) "ਵਿਅਕਤੀ" ਦਾ ਭਾਵ ਹੈ;

(i) ਇੱਕ ਵਿਅਕਤੀ;

(ii) ਇੱਕ ਭਾਈਵਾਲੀ ਫਰਮ;

(iii) ਇੱਕ ਕੰਪਨੀ;

(iv) ਇੱਕ ਸੀਮਤ ਦੇਣਦਾਰੀ ਭਾਈਵਾਲੀ;

(v) ਇੱਕ ਸਹਿਕਾਰੀ ਸੁਸਾਇਟੀ;

(vi) ਇੱਕ ਸੁਸਾਇਟੀ; ਜਾਂ

(vii) ਕੇਂਦਰ ਸਰਕਾਰ ਜਾਂ ਰਾਜ ਸਰਕਾਰ ਦੇ ਚੱਲ ਰਹੇ ਪ੍ਰੋਗਰਾਮਾਂ ਦੇ ਤਹਿਤ ਨਿਯਮਿਤ ਤੌਰ 'ਤੇ ਮਾਨਤਾ ਪ੍ਰਾਪਤ ਜਾਂ ਸ਼ਾਮਲ ਕੀਤੀ ਗਈ ਕੋਈ ਐਸੋਸੀਏਸ਼ਨ ਜਾਂ ਵਿਅਕਤੀਆਂ ਦਾ ਸੰਗਠਨ;

(ਐਮ) "ਨਿਰਧਾਰਤ" ਦਾ ਅਰਥ ਹੈ ਇਸ ਆਰਡੀਨੈਂਸ ਦੇ ਅਧੀਨ ਬਣਾਏ ਨਿਯਮਾਂ ਦੁਆਰਾ ਨਿਰਧਾਰਤ;

(ਐਨ) "ਰਜਿਸਟ੍ਰੇਸ਼ਨ ਅਥਾਰਟੀ" ਦਾ ਅਰਥ ਹੈ ਉਹ ਅਥਾਰਟੀ ਜਿਸ ਨੂੰ ਰਾਜ ਸਰਕਾਰ ਦੁਆਰਾ ਸੈਕਸ਼ਨ 12 ਦੇ ਅਧੀਨ ਅਧਿਸੂਚਿਤ ਕੀਤਾ ਗਿਆ ਹੈ;

(ਓ) "ਸਪਾਂਸਰ" ਤੋਂ ਭਾਵ ਉਹ ਵਿਅਕਤੀ ਹੈ ਜਿਸ ਨੇ ਕਿਸਾਨ ਨਾਲ ਖੇਤੀਬਾੜੀ ਦੀ ਉਪਜ ਦੀ ਖਰੀਦ ਲਈ ਇਕ ਖੇਤੀ ਸਮਝੌਤਾ ਕੀਤਾ ਹੋਵੇ।

(ਪੀ) "ਰਾਜ" ਦੀ ਪਰਿਭਾਸ਼ਾ ਵਿੱਚ ਕੇਂਦਰ ਸ਼ਾਸਤ ਪ੍ਰਦੇਸ਼ ਵੀ ਸ਼ਾਮਲ ਹੈ

ਅਧਿਆਇ – 2 ਖੇਤੀ ਸਮਝੌਤਾ

3. (1) ਇਕ ਕਿਸਾਨ ਕਿਸੇ ਵੀ ਖੇਤੀ ਉਪਜ ਦੇ ਸੰਬੰਧ ਵਿੱਚ ਇਕ ਲਿਖਤੀ ਖੇਤੀ ਸਮਝੌਤੇ ਵਿੱਚ ਸ਼ਾਮਿਲ ਹੋ ਸਕਦਾ ਹੈ ਅਤੇ ਅਜਿਹਾ ਸਮਝੌਤੇ ਵਿੱਚ ਉਪਬੰਧ ਹੋਵੇਗਾ;

(ਏ) ਅਜਿਹੇ ਉਪਜ ਦੀ ਸਪਲਾਈ ਲਈ ਨਿਯਮ ਅਤੇ ਸ਼ਰਤਾਂ, ਸਮੇਤ ਸਪਲਾਈ ਦਾ ਸਮਾਂ, ਗੁਣਵੱਤਾ, ਗਰੇਡ, ਮਿਆਰ, ਕੀਮਤ ਅਤੇ ਅਜਿਹੇ ਹੋਰ ਮਾਮਲੇ;

(ਅ) ਖੇਤੀ ਸੇਵਾਵਾਂ ਦੀ ਸਪਲਾਈ ਨਾਲ ਸਬੰਧਤ ਸ਼ਰਤਾਂ;

ਬਸ਼ਰਤੇ ਕਿ ਅਜਿਹੀਆਂ ਖੇਤੀ ਸੇਵਾਵਾਂ ਪ੍ਰਦਾਨ ਕਰਨ ਦੇ ਲਈ ਕਿਸੇ ਕਾਨੂੰਨੀ ਜ਼ਰੂਰਤ ਦੀ ਪਾਲਣਾ ਦੀ ਜਿੰਮੇਵਾਰੀ ਸਪਾਂਸਰ ਜਾਂ ਖੇਤੀ ਸੇਵਾਵਾਂ ਪ੍ਰਦਾਤਾ, ਜਿਵੇਂ ਕੇਸ ਹੋਵੇ, ਦੀ ਹੋਵੇਗੀ।

(2) ਕਿਸਾਨ ਵੱਲੋਂ ਇਸ ਧਾਰਾ ਤਹਿਤ ਕੋਈ ਵੀ ਖੇਤੀ ਸਮਝੌਤਾ ਕਿਸੇ ਬਟਾਈਦਾਰ ਦੇ ਕਿਸੇ ਅਧਿਕਾਰ ਦੀ ਅਣਦੇਖੀ ਕਰਕੇ ਨਹੀ ਕੀਤਾ ਜਾਵੇਗਾ;

ਵਿਆਖਿਆ: ਇਸ ਉਪ-ਧਾਰਾ ਦੇ ਉਦੇਸ਼ ਲਈ, ਸ਼ਬਦ "ਬਟਾਈਦਾਰ" ਦਾ ਅਰਥ ਹੈ ਫਾਰਮ ਦੀ ਜ਼ਮੀਨ ਦਾ ਇੱਕ ਕਾਸ਼ਤਕਾਰ ਜਾਂ ਕਬਜਾਕਾਰ ਜੋ ਰਸਮੀ ਜਾਂ ਗੈਰ ਰਸਮੀ ਤੌਰ ਤੇ ਜ਼ਮੀਨ ਦੇ ਮਾਲਕ ਨੂੰ ਖੇਤੀ ਉਪਜ ਦੀ ਪੈਦਾਵਾਰ ਜਾਂ ਪਾਲਣ ਦੇ ਇਵਜ ਵਜੋਂ ਖੇਤੀ ਉਪਜ ਦਾ ਇੱਕ ਨਿਰਧਾਰਤ ਹਿੱਸਾ ਜਾਂ ਨਿਰਧਾਰਤ ਰਕਮ ਦੇਣ ਲਈ ਸਹਿਮਤ ਹੋਵੇ।

(3) ਖੇਤੀ ਸਮਝੌਤੇ ਦੀ ਘੱਟੋ-ਘੱਟ ਮਿਆਦ ਇਕ ਫਸਲ ਚੱਕਰ ਜਾਂ ਪਸ਼ੂਆਂ ਦੇ ਇਕ ਉਤਪਾਦਨ ਚੱਕਰ, ਜਿਵੇਂ ਵੀ ਕੇਸ ਹੋਵੇ, ਲਈ ਹੋਵੇਗੀ ਅਤੇ ਵੱਧ ਤੋਂ ਵੱਧ ਮਿਆਦ ਪੰਜ ਸਾਲ ਹੋਵੇਗੀ;

ਬਸ਼ਰਤੇ ਕਿ ਜਿੱਥੇ ਕਿਸੇ ਵੀ ਖੇਤੀ ਉਪਜ ਦਾ ਉਤਪਾਦਨ ਚੱਕਰ ਲੰਮਾ ਹੁੰਦਾ ਹੈ ਅਤੇ ਪੰਜ ਸਾਲਾਂ ਤੋਂ ਵੀ ਵੱਧ ਹੋ ਸਕਦਾ ਹੈ, ਅਜਿਹੀ ਸਥਿਤੀ ਵਿੱਚ, ਖੇਤੀ ਸਮਝੌਤੇ ਦੀ ਵੱਧ ਤੋਂ ਵੱਧ ਮਿਆਦ ਕਿਸਾਨ ਅਤੇ ਸਪਾਂਸਰ ਆਪਸੀ ਸਹਿਮਤੀ ਨਾਲ ਤੈਅ ਕਰ ਸਕਦੇ ਹਨ ਅਤੇ ਖੇਤੀਬਾੜੀ ਸਮਝੌਤੇ ਵਿੱਚ ਇਸ ਦਾ ਸਪਸ਼ਟ ਤੌਰ ਤੇ ਜ਼ਿਕਰ ਕੀਤਾ ਜਾਵੇ।

(4) ਕਿਸਾਨਾਂ ਨੂੰ ਲਿਖਤੀ ਖੇਤੀ ਸਮਝੌਤਿਆਂ ਵਿੱਚ ਸ਼ਾਮਿਲ ਹੋਣ ਦੀ ਸਹੂਲਤ ਦੇਣ ਦੇ ਮਕਸਦ ਲਈ, ਕੇਂਦਰ ਸਰਕਾਰ ਮਾਡਲ ਖੇਤੀਬਾੜੀ ਸਮਝੌਤਿਆਂ ਦੇ ਨਾਲ-ਨਾਲ ਜ਼ਰੂਰੀ ਦਿਸ਼ਾ-ਨਿਰਦੇਸ ਇਸ ਢੰਗ ਨਾਲ ਜੋ ਢੁੱਕਵੇਂ ਸਮਝੇ, ਜਾਰੀ ਕਰ ਸਕਦੀ ਹੈ।

4. (1) ਖੇਤੀ ਸਮਝੌਤੇ ਵਿੱਚ ਸ਼ਾਮਿਲ ਹੋਣ ਵਾਲੀਆਂ ਧਿਰਾਂ ਇਸ ਸਮਝੌਤੇ ਲਈ ਆਪਸੀ ਸਵੀਕਾਰਯੋਗ ਖੇਤੀ ਉਤਪਾਦਾਂ ਦੇ ਮਿਆਰ, ਗ੍ਰੇਡ ਅਤੇ ਮਾਪਦੰਡਾਂ ਦੀ ਪਛਾਣ ਕਰ ਸਕਦੀਆਂ ਹਨ ਅਤੇ ਇਨ੍ਹਾਂ ਦੀ ਪਾਲਣਾ ਨੂੰ ਕਾਰਗੁਜਾਰੀ ਦੀ ਸ਼ਰਤ ਵਜੋ ਸ਼ਾਮਿਲ ਕਰ ਸਕਦੀਆਂ ਹਨ।

(2) ਉਪ-ਧਾਰਾ (1) ਦੇ ਉਦੇਸ਼ ਲਈ, ਸਮਝੌਤੇ ਅਧੀਨ ਧਿਰਾਂ ਅਜਿਹੇ ਕੁਆਲਟੀ, ਗ੍ਰੇਡ ਅਤੇ ਸਟੈਂਡਰਡ ਅਪਣਾ ਸਕਦੀਆਂ ਹਨ;

(ਏ) ਜੋ ਖੇਤੀਬਾੜੀ-ਜਲਵਾਯੂ, ਫਸਲੀ ਪੈਦਾਵਾਰ ਲਈ ਵਿਗਿਆਨਕ ਸਿਫਾਰਿਸ਼ਾਂ, ਅਤੇ ਅਜਿਹੇ ਹੋਰ ਕਾਰਕਾਂ ਦੇ ਅਨੁਕੂਲ ਹੋਣ;

(ਬੀ) ਰਾਜ ਸਰਕਾਰ ਜਾਂ ਕੇਂਦਰ ਸਰਕਾਰ ਦੀ ਕਿਸੇ ਏਜੰਸੀ ਜਾਂ ਅਜਿਹੀ ਸਰਕਾਰ ਦੁਆਰਾ ਇਸ ਮੰਤਵ ਲਈ ਅਧਿਕਾਰਤ ਕਿਸੇ ਵੀ ਏਜੰਸੀ ਦੁਆਰਾ ਬਣਾਈਆਂ ਗਈਆਂ ਹੋਣ, ਅਤੇ ਖੇਤੀਬਾੜੀ ਸਮਝੌਤੇ ਵਿਚ ਸਪਸ਼ਟ ਤੌਰ ਤੇ ਅਜਿਹੇ ਗੁਣ, ਦਰਜੇ ਅਤੇ ਮਾਪਦੰਡਾਂ ਦਾ ਜ਼ਿਕਰ ਕੀਤਾ ਗਿਆ ਹੋਵੇ;

(3) ਖੇਤੀ ਸਮਝੌਤੇ ਵਿੱਚ ਕੁਆਲਟੀ ਅਤੇ ਗਰੇਡ ਅਤੇ ਪੈਸਟੀਸਾਈਡ ਰੈਜ਼ੀਡਿਊ ਦੇ ਮਾਪਦੰਡ, ਖਾਣੇ ਦੀ ਸੁਰੱਖਿਆ ਦੇ ਮਾਪਦੰਡ, ਖੇਤੀਬਾੜੀ ਉਤਪਾਦਨ ਦੇ ਢੁੱਕਵੇ ਤਰੀਕੇ ਅਤੇ ਮਜਦੂਰੀ ਅਤੇ ਸਮਾਜਿਕ ਵਿਕਾਸ ਦੇ ਮਾਪਦੰਡ ਵੀ ਅਪਣਾਏ ਜਾ ਸਕਦੇ ਹਨ।

(4) ਖੇਤੀ ਸਮਝੌਤੇ ਵਿੱਚ ਸ਼ਮਿਲ ਹੋਣ ਵਾਲੀਆਂ ਧਿਰਾਂ ਲਈ ਇਹ ਸ਼ਰਤ ਲਗਾਈ ਜਾ ਸਕਦੀ ਹੈ ਕਿ ਅਜਿਹੇ ਆਪਸੀ ਸਵੀਕਾਰਨ ਯੋਗ ਕੁਆਲਟੀ, ਗਰੇਡ ਅਤੇ ਸਟੈਂਡਰਡ ਦੀ ਨਿਗਰਾਨੀ ਅਤੇ ਸਰਟੀਫਿਕੇਸ਼ਨ, ਕਾਸ਼ਤ ਜਾਂ ਪਾਲਣ ਦੀ ਪ੍ਰੀਕਿਰਿਆ ਦੌਰਾਨ ਜਾਂ ਉਪਜ ਦੀ ਸਪੁਰਦਗੀ ਸਮੇਂ, ਤੀਜੀ ਧਿਰ ਦੇ ਯੋਗ ਪਾਰਖੂਆਂ ਦੁਆਰਾ ਕੀਤੀ ਜਾਵੇਗੀ ਤਾਂ ਜੋ ਨਿਰਪੱਖਤਾ ਨੂੰ ਯਕੀਨੀ ਬਣਾਇਆ ਜਾ ਸਕੇ।

5. ਕਿਸੇ ਖੇਤੀ ਉਪਜ ਦੀ ਖਰੀਦ ਲਈ ਅਦਾ ਕੀਤੀ ਜਾਣ ਵਾਲੀ ਕੀਮਤ ਦਾ ਨਿਰਧਾਰਣ ਅਤੇ ਜਿਕਰ ਖੇਤੀਬਾੜੀ ਸਮਝੌਤੇ ਵਿਚ ਹੀ ਹੋਣਾ ਚਾਹੀਦਾ ਹੈ ਅਤੇ ਜੇ ਇਸ ਕੀਮਤ ਵਿਚ ਤਬਦੀਲੀ ਸੰਭਵ ਹੋਵੇ, ਤਾਂ ਅਜਿਹੇ ਸਮਝੌਤੇ ਸਪੱਸ਼ਟ ਤੌਰ 'ਤੇ ਅਜਿਹਾ ਉਪਬੰਧ ਕੀਤਾ ਜਾਵੇ ਕਿ;

(ਏ) ਅਜਿਹੇ ਉਤਪਾਦਾਂ ਲਈ ਗਾਰੰਟੀਸ਼ੁਦਾ ਕੀਮਤ ਦੀ ਅਦਾਇਗੀ ਕੀਤੀ ਜਾਵੇਗੀ;

(ਬੀ) ਕਿਸਾਨ ਲਈ ਲਾਹੇਵੰਦ ਭਾਅ ਯਕੀਨੀ ਬਨਾਉਣ ਵਾਸਤੇ ਬੋਨਸ ਜਾਂ ਪ੍ਰੀਮੀਅਮ ਸਮੇਤ, ਗਾਰੰਟੀਸ਼ੁਦਾ ਕੀਮਤ ਤੋਂ ਕੋਈ ਵੱਧ ਕੀਮਤ ਜਿਸ ਨੂੰ ਨਿਸ਼ਚਤ ਕਰਨ ਲਈ, ਏ.ਪੀ.ਐਮ.ਸੀ. ਯਾਰਡ ਜਾਂ ਇਲੈਕਟ੍ਰਾਨਿਕ ਵਪਾਰ ਅਤੇ ਲੈਣ-ਦੇਣ ਦੀਆਂ ਮੌਜੂਦਾ ਕੀਮਤਾਂ ਜਾਂ ਕੋਈ ਹੋਰ ਢੁਕਵੀ ਬੈਂਚਮਾਰਕ ਕੀਮਤ ਦੇ ਹਵਾਲੇ ਨਾਲ ਜੋੜਿਆ ਜਾ ਸਕੇ। ਬਸ਼ਰਤੇ ਕਿ ਅਜਿਹੀ ਕੀਮਤ, ਜਾਂ ਗਰੰਟੀਸ਼ੁਦਾ ਕੀਮਤ ਜਾਂ ਵਾਧੂ ਰਕਮ ਮਿਥਣ ਦਾ ਤਰੀਕਾ ਖੇਤੀ ਸਮਝੌਤੇ ਨਾਲ ਨੱਥੀ ਕੀਤਾ ਹੋਇਆ ਹੋਵੇ।

6. (1) ਜਿਥੇ, ਖੇਤੀ ਸਮਝੌਤੇ ਦੇ ਤਹਿਤ, ਕਿਸੇ ਵੀ ਖੇਤੀ ਉਪਜ ਦੀ ਸਪੁਰਦਗੀ।

(ਏ) ਸਪਾਂਸਰ ਦੁਆਰਾ ਕਿਸਾਨ ਦੇ ਖੇਤ ਤੋਂ ਲੈਣੀ ਹੈ, ਉਹ ਸਹਿਮਤ ਸਮੇਂ ਦੇ ਅੰਦਰ-ਅੰਦਰ ਅਜਿਹੀ ਸਪੁਰਦਗੀ ਲਏਗਾ;

(ਬੀ) ਕਿਸਾਨ ਦੁਆਰਾ ਦਿੱਤੀ ਜਾਣੀ ਹੈ ਤਾਂ ਸਪਾਂਸਰ ਅਜਿਹੀ ਸਪੁਰਦਗੀ ਨੂੰ ਸਮੇਂ-ਸਿਰ ਸਵੀਕਾਰ ਕਰਨ ਲਈ ਸਾਰੀਆਂ ਤਿਆਰੀਆਂ ਯਕੀਨੀ ਬਣਾਏਗਾ।

(2) ਸਪਾਂਸਰ, ਕਿਸੇ ਵੀ ਖੇਤੀ ਉਪਜ ਦੀ ਸਪੁਰਦਗੀ ਨੂੰ ਸਵੀਕਾਰ ਕਰਨ ਤੋਂ ਪਹਿਲਾਂ, ਖੇਤੀ ਸਮਝੌਤੇ ਵਿੱਚ ਦਰਸਾਏ ਅਨੁਸਾਰ ਖੇਤੀ ਉਤਪਾਦਾਂ ਦੀ ਗੁਣਵਤਾ ਜਾਂ ਕਿਸੇ ਹੋਰ ਵਿਸ਼ੇਸ਼ਤਾ ਦਾ ਮੁਆਇਨਾ ਕਰ ਸਕਦਾ ਹੈ, ਨਹੀਂ ਤਾਂ, ਉਸ ਵੱਲੋਂ ਉਪਜ ਦਾ ਮੁਆਇਨਾ ਕੀਤਾ ਸਮਝਿਆ ਜਾਵੇਗਾ ਅਤੇ ਉਸ ਨੂੰ ਖੇਤੀ ਉਪਜ ਸਪੁਰਦਗੀ ਦੇ ਸਮੇਂ ਜਾਂ ਉਸ ਤੋਂ ਬਾਅਦ ਅਜਿਹੀ ਉਪਜ ਨੂੰ ਸਵੀਕਾਰਨ ਤੋਂ ਪਿਛੇ ਹੱਟਣ ਦਾ ਕੋਈ ਅਧਿਕਾਰ ਨਹੀਂ ਹੋਵੇਗਾ।

(3) ਸਪਾਂਸਰ:- (ਏ) ਜਿੱਥੇ ਖੇਤੀਬਾੜੀ ਸਮਝੌਤਾ ਬੀਜ ਉਤਪਾਦਨ ਨਾਲ ਸਬੰਧਤ ਹੋਵੇ, ਉਥੇ ਸਪੁਰਦਗੀ ਲੈਣ ਸਮੇਂ ਸਹਿਮਤ ਰਾਸ਼ੀ ਦੇ ਘੱਟੋ-ਘੱਟ ਦੋ-ਤਿਹਾਈ ਭੁਗਤਾਨ

ਕਰਨ ਅਤੇ ਉਚਿਤ ਸਰਟੀਫਿਕੇਸ਼ਨ ਤੋਂ ਬਾਅਦ ਬਣਦੀ ਬਾਕਇਆ ਰਕਮ ਭੁਗਤਾਨ ਸੁਪਰਦਗੀ ਦੇ ਤੀਹ ਦਿਨਾਂ ਦੇ ਅੰਦਰ-ਅੰਦਰ ਕਰੇਗਾ ;

(ਬੀ) ਹੋਰ ਮਾਮਲਿਆਂ ਵਿੱਚ, ਖੇਤੀ ਉਪਜ ਦੀ ਸਪੁਰਦਗੀ ਨੂੰ ਸਵੀਕਾਰਦੇ ਸਮੇਂ ਸਹਿਮਤ ਬਣਦੀ ਰਕਮ ਦੀ ਅਦਾਇਗੀ ਕਰੇਗਾ ਅਤੇ ਵਿਕਰੀ ਪ੍ਰਾਪਤੀ ਦੇ ਵੇਰਵੇ ਦਰਸਾਉਂਦੀ ਇੱਕ ਰਸੀਦ ਜਾਰੀ ਕਰੇਗਾ।

(4) ਰਾਜ ਸਰਕਾਰ ਉਪ-ਧਾਰਾ (3) ਅਧੀਨ ਕਿਸਾਨ ਨੂੰ ਅਦਾਇਗੀ ਕਰਨ ਦਾ ਢੰਗ ਅਤੇ ਤਰੀਕਾ ਨਿਰਧਾਰਿਤ ਕਰ ਸਕਦੀ ਹੈ।

7. (1) ਜਿਥੇ ਇਸ ਆਰਡੀਨੈਂਸ ਦੇ ਤਹਿਤ ਕਿਸੇ ਵੀ ਖੇਤੀ ਉਪਜ ਦੇ ਸਬੰਧ ਵਿੱਚ ਖੇਤੀਬਾੜੀ ਸਮਝੌਤਾ ਕੀਤਾ ਗਿਆ ਹੋਵੇ, ਅਜਿਹੀ ਉਪਜ ਵਿਕਰੀ ਅਤੇ ਖਰੀਦ ਨੂੰ ਨਿਯਮਤ ਕਰਨ ਲਈ ਬਣਾਏ ਗਏ ਰਾਜ ਦੇ ਕਿਸੇ ਵੀ ਐਕਟ, ਭਾਵੇ ਇਹ ਕਿਸੇ ਵੀ ਨਾਮ ਨਾਲ ਜਾਣਿਆ ਜਾਂਦਾ ਹੋਵੇ, ਦੇ ਲਾਗੂ ਹੋਣ ਤੋਂ ਮੁਕਤ ਹੋਵੇਗੀ।

(2) ਇਸ ਆਰਡੀਨੈਂਸ ਦੇ ਉਪਬੰਧਾਂ ਅਨੁਸਾਰ ਕੀਤੇ ਗਏ ਕਿਸੇ ਵੀ ਖੇਤੀ ਸਮਝੌਤੇ ਤਹਿਤ ਖਰੀਦੀ ਗਈ ਖੇਤੀ ਉਪਜ ਦੀ ਮਾਤਰਾ ਤੇ ਜ਼ਰੂਰੀ ਵਸਤਾਂ ਐਕਟ, 1955 ਜਾਂ ਇਸ ਦੇ ਅਧੀਨ ਜਾਰੀ ਕੀਤੇ ਗਏ ਕਿਸੇ ਕੰਟਰੋਲ ਆਰਡਰ ਜਾਂ ਇਸ ਸਮੇਂ ਲਾਗੂ ਕਿਸੇ ਵੀ ਹੋਰ ਕਾਨੂੰਨ ਅਧੀਨ ਨੀਯਤ ਸਟਾਕ ਦੀ ਹੱਦ ਨਾਲ ਸਬੰਧਤ ਕੋਈ ਵੀ ਦਾਇਤਵ ਲਾਗੂ ਨਹੀਂ ਹੋਵੇਗਾ।

8. ਕੋਈ ਵੀ ਖੇਤੀਬਾੜੀ ਸਮਝੌਤਾ ਹੇਠ ਦਰਸਾਏ ਉਦੇਸ਼ ਨਾਲ ਨਹੀਂ ਕੀਤਾ ਜਾਵੇਗਾ ।

(ਏ) ਕੋਈ ਵੀ ਤਬਾਦਲੇ ਲਈ ਸਮੇਤ ਕਿਸਾਨਾਂ ਦੀ ਜ਼ਮੀਨ ਜਾਂ ਜਗ੍ਹਾ ਦੀ ਵਿਕਰੀ, ਲੀਜ਼ ਅਤੇ ਗਿਰਵੀਨਾਮਾ; ਜਾਂ

(ਅ) ਕਿਸਾਨਾਂ ਦੀ ਜ਼ਮੀਨ ਜਾਂ ਜਗ੍ਹਾ ਤੇ ਕਿਸੇ ਸਥਾਈ ਢਾਂਚੇ ਦੀ ਉਸਾਰੀ ਜਾਂ ਕੋਈ ਸੋਧ ਕਰਨ ਲਈ, ਸਿਵਾਏ ਇਸ ਦੇ ਕਿ ਸਮਝੌਤੇ ਅਨੁਸਾਰ ਸਪਾਂਸਰ ਸਮਝੌਤੇ ਦੇ ਪੁੱਗ ਜਾਣ ਤੇ ਜਾਂ ਸਮਝੌਤੇ ਦੀ ਮਿਆਦ ਖਤਮ ਹੋਣ ਤੇ ਬਾਅਦ, ਜਿਵੇਂ ਵੀ ਕੇਸ ਹੋਵੇ, ਆਪਣੀ ਕੀਮਤ ਤੇ ਅਜਿਹੇ ਢਾਂਚੇ ਨੂੰ ਹਟਾਉਣ, ਜ਼ਮੀਨ ਨੂੰ ਆਪਣੀ ਅਸਲ ਸਥਿਤੀ 'ਤੇ ਬਹਾਲ ਕਰੇਗਾ।

ਬਸ਼ਰਤੇ ਕਿ ਜੇਕਰ ਅਜਿਹੇ ਢਾਂਚੇ ਨੂੰ ਸਪਾਂਸਰ ਦੁਆਰਾ ਸਮਝੌਤੇ ਵਿੱਚ ਸਹਿਮਤੀ ਅਨੁਸਾਰ ਹਟਾਇਆ ਨਹੀਂ ਜਾਂਦਾ, ਤਾਂ ਅਜਿਹੇ ਢਾਂਚੇ ਦੀ ਮਾਲਕੀ ਇਕਰਾਰਨਾਮੇ ਦੀ ਸਮਾਪਤੀ ਜਾਂ ਸਮਝੌਤੇ ਦੀ ਮਿਆਦ ਪੁੱਗਣ ਤੋਂ ਬਾਅਦ, ਜਿਵੇਂ ਕਿ ਕੇਸ ਹੋਵੇ, ਕਿਸਾਨ ਦੀ ਹੋ ਜਾਵੇਗੀ।

9. ਖੇਤੀ ਸਮਝੌਤੇ ਨੂੰ ਕੇਂਦਰ ਸਰਕਾਰ ਜਾਂ ਰਾਜ ਸਰਕਾਰ ਜਾਂ ਕਿਸੇ ਵਿੱਤੀ ਸੇਵਾ ਪ੍ਰਦਾਤਾ ਦੀ ਕਿਸੇ ਵੀ ਸਕੀਮ ਅਧੀਨ ਬੀਮੇ ਜਾਂ ਕਰੈਡਿਟ ਸਾਧਨ ਨਾਲ ਜੋੜਿਆ ਜਾ ਸਕਦਾ ਹੈ ਤਾਂ ਜੋ ਕਿਸਾਨ ਜਾਂ ਸਪਾਂਸਰ ਜਾਂ ਦੋਵਾਂ ਦੇ ਜੋਖਿਮ ਨੂੰ ਘਟਾਉਣ ਅਤੇ ਕਰਜੇ ਦੀ ਪ੍ਰਾਪਤੀ ਨੂੰ ਯਕੀਨੀ ਬਣਾਇਆ ਜਾ ਸਕੇ।

10. ਇਕ ਐਗਰੀਗੇਟਰ ਜਾਂ ਫਾਰਮ ਸੇਵਾ ਪ੍ਰਦਾਤਾ, ਜੇਕਰ ਆਰਡੀਨੈਂਸ ਇਸ ਨੂੰ

ਮਹਿਫੂਜ਼ ਕਰੇ, ਖੇਤੀ ਸਮਝੌਤੇ ਦੀ ਇਕ ਧਿਰ ਬਣ ਸਕਦਾ ਹੈ, ਅਤੇ ਅਜਿਹੀ ਸਥਿਤੀ ਵਿੱਚ ਐਗਰੀਗੇਟਰ ਜਾਂ ਫਾਰਮ ਸੇਵਾ ਪ੍ਰਦਾਤਾ ਦੀ ਭੂਮਿਕਾ ਅਤੇ ਸੇਵਾਵਾਂ ਦਾ ਅਜਿਹੇ ਖੇਤੀ ਸਮਝੌਤੇ ਵਿਚ ਸਪੱਸ਼ਟ ਤੌਰ ਤੇ ਜ਼ਿਕਰ ਕੀਤਾ ਜਾਵੇਗਾ।

ਵਿਆਖਿਆ: ਇਸ ਧਾਰਾ ਦੇ ਮੰਤਵ ਲਈ

(i) "ਐਗਰੀਗੇਟਰ" ਦਾ ਭਾਵ ਕੋਈ ਵੀ ਵਿਅਕਤੀ, ਸਮੇਤ ਇੱਕ ਫਾਰਮਰ ਪ੍ਰੋਡਿਊਸਰ ਆਰਗੇਨਾਈਜ਼ੇਸ਼ਨ, ਜੋ ਕਿ ਇੱਕ ਕਿਸਾਨ ਜਾਂ ਕਿਸਾਨਾਂ ਦੇ ਸਮੂਹ ਅਤੇ ਸਪਾਂਸਰ ਦੇ ਵਿਚਕਾਰ ਵਿਚੋਲੇ ਵਜੋਂ ਕੰਮ ਕਰਦਾ ਹੈ ਅਤੇ ਕਿਸਾਨਾਂ ਅਤੇ ਸਪਾਂਸਰ ਦੋਨਾ ਨੂੰ ਇੱਕਤਰਤਾ (ਐਗਰੀਗੇਸ਼ਨ) ਨਾਲ ਸਬੰਧਤ ਸੇਵਾਵਾਂ ਪ੍ਰਦਾਨ ਕਰਦਾ ਹੈ;

(ii) "ਫਾਰਮ ਸਰਵਿਸ ਪ੍ਰੋਵਾਈਡਰ" ਦਾ ਭਾਵ ਕੋਈ ਵੀ ਵਿਅਕਤੀ ਜੋ ਖੇਤੀ ਸੇਵਾਵਾਂ ਪ੍ਰਦਾਨ ਕਰਦਾ ਹੈ।

11. ਖੇਤੀਬਾੜੀ ਸਮਝੌਤੇ ਵਿੱਚ ਸ਼ਾਮਿਲ ਹੋਣ ਤੋਂ ਬਾਅਦ ਕਿਸੇ ਵੀ ਸਮੇਂ, ਅਜਿਹੇ ਸਮਝੌਤੇ ਵਿੱਚ ਸ਼ਾਮਿਲ ਧਿਰਾਂ ਕਿਸੇ ਵੀ ਵਾਜਬ ਕਾਰਨ ਕਰਕੇ, ਅਜਿਹੇ ਸਮਝੌਤੇ ਨੂੰ ਆਪਸੀ ਸਹਿਮਤੀ ਨਾਲ ਬਦਲ ਜਾਂ ਰੱਦ ਕਰ ਸਕਦੀਆਂ ਹਨ।

12. (1) ਇੱਕ ਰਾਜ ਸਰਕਾਰ ਰਾਜ ਵਿੱਚ ਇਲੈਕਟ੍ਰਾਨਿਕ ਰਜਿਸਟਰੀ ਲਈ ਇੱਕ ਰਜਿਸਟ੍ਰੇਸ਼ਨ ਅਥਾਰਟੀ ਨੂੰ ਅਧਿਸੂਚਿਤ ਕਰ ਸਕਦੀ ਹੈ ਜੋ ਖੇਤੀ ਸਮਝੌਤਿਆਂ ਦੀ ਪੰਜੀਕਰਨ ਲਈ ਸੁਵਿਧਾਜਨਕ ਢਾਂਚਾ ਉਪਲੱਬਧ ਕਰਵਾਏਗੀ।

(2) ਰਜਿਸਟ੍ਰੇਸ਼ਨ ਅਥਾਰਟੀ ਦਾ ਸੰਵਿਧਾਨ, ਰਚਨਾ, ਸ਼ਕਤੀਆਂ ਅਤੇ ਕਾਰਜ ਅਤੇ ਪੰਜੀਕਰਨ ਦੀ ਵਿਧੀ ਅਜਿਹੀ ਹੋਵੇਗੀ ਜੋ ਰਾਜ ਸਰਕਾਰ ਦੁਆਰਾ ਨਿਰਧਾਰਤ ਕੀਤੀ ਗਈ ਹੋਵੇ।

ਅਧਿਆਇ -3 ਵਿਵਾਦ ਨਿਪਟਾਰਾ

13. (1) ਹਰੇਕ ਖੇਤੀਬਾੜੀ ਸਮਝੌਤੇ ਵਿੱਚ ਸਮਝੌਤਾ ਪ੍ਰਕਿਰਿਆ ਅਤੇ ਸਮਝੌਤੇ ਵਿੱਚ ਸ਼ਾਮਿਲ ਧਿਰਾਂ ਦੇ ਨੁਮਾਇੰਦਿਆਂ ਤੇ ਅਧਾਰਤ ਇਕਸਮਝੌਤਾ ਬੋਰਡ ਦਾ ਗਠਨ ਕਰਨ ਦਾ ਸਪੱਸ਼ਟ ਉਪਬੰਧ ਹੋਵੇਗਾ; ਬਸ਼ਰਤੇ ਅਜਿਹੇ ਸਮਝੌਤਾ ਬੋਰਡ ਵਿੱਚ ਸਾਰੀਆਂ ਧਿਰਾਂ ਦੀ ਨਿਰਪੱਖ ਅਤੇ ਸੰਤੁਲਿਤ ਨੁਮਾਇੰਦਗੀ ਹੋਵੇ।

(2) ਕਿਸੇ ਵੀ ਖੇਤੀ ਸਮਝੌਤੇ ਤੋਂ ਪੈਦਾ ਹੋਣ ਵਾਲਾ ਝਗੜਾ ਸਭ ਤੋਂ ਪਹਿਲਾਂ ਖੇਤੀ ਸਮਝੌਤੇ ਦੀਆਂ ਧਾਰਾਵਾਂ ਅਨੁਸਾਰ ਗਠਿਤ ਸਮਝੌਤਾ ਬੋਰਡ ਨੂੰ ਭੇਜਿਆ ਜਾਵੇਗਾ ਅਤੇ ਅਜਿਹੇ ਝਗੜੇ ਦਾ ਨਿਪਟਾਰਾ ਕਰਨ ਲਈ ਬੋਰਡ ਵੱਲੋਂ ਹਰ ਸੰਭਵ ਕੋਸ਼ਿਸ਼ ਕੀਤੀ ਜਾਏਗੀ।

(3) ਜਿੱਥੇ ਕਿਸੇ ਵਿਵਾਦ ਦੇ ਸੰਬੰਧ ਵਿੱਚ, ਸਮਝੌਤੇ ਦੀ ਕਾਰਵਾਈ ਦੌਰਾਨ ਕੋਈ ਸਮਝੌਤਾ ਹੋ ਜਾਂਦਾ ਹੈ, ਸਮਝੌਤੇ ਦਾ ਇਕ ਮੈਮੋਰੰਡਮ ਉਸੇ ਅਨੁਸਾਰ ਤਿਆਰ ਕੀਤਾ ਜਾਵੇਗਾ ਅਤੇ ਸਾਰੀਆਂ ਧਿਰਾਂ ਦੁਆਰਾ ਅਜਿਹੇ ਸਮਝੌਤੇ ਦੇ ਖਰੜੇ ਤੇ ਦਸਤਖਤ ਕੀਤੇ ਜਾਣਗੇ ਅਤੇ ਅਜਿਹਾ ਸਮਝੌਤਾ ਸਾਰੀਆਂ ਧਿਰਾਂ ਤੇ ਲਾਗੂ ਹੋਵੇਗਾ।

14. (1) ਜਿਥੇ, ਖੇਤੀਬਾੜੀ ਸਮਝੌਤੇ ਵਿੱਚ ਧਾਰਾ 13 ਦੀ ਉਪ-ਧਾਰਾ (1) ਦੇ

ਅਨੁਸਾਰ ਸਮਝੌਤੇ ਦੀ ਪ੍ਰਕਿਰਿਆ ਬਾਰੇ ਉਪਬੰਧ ਨਹੀਂ ਕੀਤਾ ਗਿਆ, ਜਾਂ ਖੇਤੀ ਸਮਝੌਤੇ ਦੀਆਂ ਧਿਰਾਂ ਤੀਹ ਦਿਨਾਂ ਦੀ ਮਿਆਦ ਅੰਦਰ ਉਸ ਧਾਰਾ ਦੇ ਅਧੀਨ ਆਪਣਾ ਝਗੜਾ ਸੁਲਝਾਉਣ ਵਿੱਚ ਅਸਫਲ ਰਹਿੰਦੀਆਂ ਹਨ ਤਾਂ ਕੋਈ ਵੀ ਅਜਿਹੀ ਧਿਰ ਸਬੰਧਤ ਉਪ-ਮੰਡਲ ਮੈਜਿਸਟਰੇਟ ਕੋਲ ਪਹੁੰਚ ਕਰ ਸਕਦੀ ਹੈ, ਜੋ ਖੇਤੀ ਸਮਝੌਤੇ ਤਹਿਤ ਝਗੜਿਆਂ ਦਾ ਫ਼ੈਸਲਾ ਕਰਨ ਲਈ ਸਬ-ਡਵੀਜ਼ਨਲ ਅਥਾਰਟੀ ਹੋਵੇਗਾ।

2) ਸਬ-ਸੈਕਸ਼ਨ 1) ਅਧੀਨ ਝਗੜੇ ਦੀ ਸੂਚਨਾਂ ਦੀ ਪ੍ਰਾਪਤੀ ਤੇ ਉਪ-ਮੰਡਲ ਅਥਾਰਟੀ

(ਏ) ਖੇਤੀਬਾੜੀ ਸਮਝੌਤੇ ਵਿੱਚ ਸਲੁਹਸਮਝੌਤੇ ਦੀ ਪ੍ਰਕਿਰਿਆ ਦੇ ਉਪਬੰਧ ਦੀ ਅਣਹੋਂਦ ਵਿੱਚ, ਅਜਿਹੇ ਵਿਵਾਦ ਦੇ ਨਿਪਟਾਰੇ ਲਈ ਇਕ ਕੰਨਸੀਲੀਏਸ਼ਨ ਬੋਰਡ ਦਾ ਗਠਨ ਕਰ ਸਕਦੀ ਹੈ; ਜਾਂ

(ਬੀ) ਧਿਰਾਂ ਸਮਝੌਤਾ ਪ੍ਰਕਿਰਿਆ ਰਾਹੀਂ ਝਗੜੇ ਦਾ ਨਿਪਟਾਰਾ ਕਰਨ ਵਿੱਚ ਅਸਫਲ ਰਹਿਣ ਦੀ ਸੂਰਤ ਵਿੱਚ, ਅਜਿਹੇ ਝਗੜੇ ਵਿਵਾਦ ਦੀ ਪ੍ਰਾਪਤੀ ਦੀ ਮਿਤੀ ਤੋਂ ਤੀਹ ਦਿਨਾਂ ਦੇ ਅੰਦਰ-ਅੰਦਰ, ਦੋਨਾਂ ਧਿਰਾਂ ਨੂੰ ਸੁਣਵਾਈ ਦਾ ਉਚਿਤ ਅਵਸਰ ਦੇਣ ਤੋਂ ਬਾਅਦ, ਅਤੇ ਮੁੜ-ਵਸੂਲੀ ਲਈ ਇਕ ਹੁਕਮ ਜਿਸ ਵਿੱਚ ਵਿਵਾਦ ਅਧੀਨ ਰਕਮ, ਅਜਿਹੇ ਜ਼ੁਰਮਾਨੇ ਅਤੇ ਵਿਆਜ਼ ਜਿਸ ਨੂੰ ਇਹ ਠੀਕ ਸਮਝੇ, ਸਮੇਤ ਪਾਸ ਕਰਕੇ ਸੰਖੇਪ ਤਰੀਕੇ ਨਾਲ ਝਗੜੇ ਦਾ ਹੇਠ ਲਿਖੀਆਂ ਸ਼ਰਤਾਂ ਦੇ ਅਧੀਨ ਫ਼ੈਸਲਾ ਕਰੇਗੀ।

(i) ਜਿਥੇ ਸਪਾਂਸਰ ਕਿਸਾਨ ਦੀ ਬਣਦੀ ਰਕਮ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿੰਦਾ ਹੈ, ਅਜਿਹਾ ਜ਼ੁਰਮਾਨਾ ਬਕਾਇਆ ਰਕਮ ਦਾ ਡੇਢ ਗੁਣਾ ਹੋ ਸਕਦਾ ਹੈ।

(ii) ਜਿਥੇ ਖੇਤੀਬਾੜੀ ਸਮਝੌਤੇ ਦੀਆਂ ਸ਼ਰਤਾਂ ਅਨੁਸਾਰ ਕਿਸਾਨਾਂ ਵੱਲ ਕਿਸੇ ਵੀ ਪੇਸ਼ਗੀ ਰਕਮ ਜਾਂ ਇੰਨਪੁਟਸ ਦੀ ਲਾਗਤ ਦੇ ਕਾਰਨ ਸਪਾਂਸਰ ਦਾ ਬਕਾਇਆ ਰਹਿੰਦਾ ਹੈ, ਅਜਿਹੀ ਰਕਮ ਸਪਾਂਸਰ ਦੁਆਰਾ ਕੀਤੀ ਅਸਲ ਅਦਾਇਗੀ ਤੋਂ ਵੱਧ ਨਹੀਂ ਹੋ ਸਕਦੀ; (iii) ਜਿਥੇ ਵਿਵਾਦਤ ਖੇਤੀ ਸਮਝੌਤਾ ਇਸ ਆਰਡੀਨੈਂਸ ਦੀਆਂ ਧਾਰਾਵਾਂ ਦੀ ਉਲੰਘਣਾ ਕਰਦਾ ਹੈ, ਜਾਂ ਕਿਸਾਨ ਅਪ੍ਰਤਿਆਸ਼ਿਤ ਘਟਨਾ ਕਾਰਨ ਦੋਸ਼ੀ ਪਾਇਆ ਜਾਂਦਾ ਹੈ, ਤਾਂ ਰਕਮ ਦੀ ਵਸੂਲੀ ਲਈ ਕਿਸਾਨ ਦੇ ਖਿਲਾਫ ਕੋਈ ਹੁਕਮ ਪਾਸ ਨਹੀਂ ਕੀਤਾ ਜਾਵੇਗਾ।

(3) ਇਸ ਧਾਰਾ ਅਧੀਨ ਸਬ-ਡਵੀਜ਼ਨਲ ਅਥਾਰਟੀ ਦੁਆਰਾ ਪਾਸ ਕੀਤੇ ਗਏ ਹਰ ਆਰਡਰ ਵਿੱਚ ਸਿਵਲ ਕੋਰਟ ਦੇ ਫ਼ਰਮਾਨ ਦੇ ਬਰਾਬਰ ਪਾਵਰ ਹੋਵੇਗੀ ਅਤੇ ਸਿਵਲ ਪਰੋਸੀਜਰ ਕੋਡ, 1908 ਦੇ ਇਕ ਫ਼ਰਮਾਨ ਵਾਂਗ ਲਾਗੂ ਕੀਤਾ ਜਾ ਸਕੇਗਾ, ਜਦ ਤਕ ਇਸ ਹੁਕਮ ਦੇ ਵਿਰੁੱਧ ਉਪ-ਧਾਰਾ (4) ਦੇ ਅਧੀਨ ਕੋਈ ਅਪੀਲ ਨਹੀਂ ਕੀਤੀ ਜਾਂਦੀ।

(4) ਸਬ-ਡਵੀਜ਼ਨਲ ਅਥਾਰਟੀ ਦੇ ਹੁਕਮ ਤੋਂ ਪੀੜਤ ਕੋਈ ਵੀ ਪਾਰਟੀ ਅਪੀਲੇਂਟ ਅਥਾਰਟੀ, ਜਿਸ ਦੀ ਪ੍ਰਧਾਨਗੀ ਕੁਲੈਕਟਰ ਜਾਂ ਉਸ ਵੱਲੋਂ ਨਾਮਜ਼ਦ ਕੀਤੇ ਗਏ ਵਧੀਕ ਕੁਲੈਕਟਰ ਵੱਲੋਂ ਕੀਤੀ ਜਾਵੇਗੀ, ਕੋਲ ਫੈਸਲੇ ਦੀ ਮਿਤੀ ਤੋਂ ਤੀਹ ਦਿਨਾਂ ਦੇ ਅੰਦਰ-ਅੰਦਰ ਅਪੀਲ ਕਰ ਸਕਦੀ ਹੈ।

(5) ਐਪੀਲੇਂਟ ਅਥਾਰਟੀ, ਅਪੀਲ ਦਾ ਨਿਪਟਾਰਾ ਤੀਹ ਦਿਨਾਂ ਦੇ ਅੰਦਰ-ਅੰਦਰ ਕਰੇਗੀ।

(6) ਇਸ ਧਾਰਾ ਅਧੀਨ ਅਪੀਲੈਂਟ ਅਥਾਰਟੀ ਦੁਆਰਾ ਪਾਸ ਕੀਤੇ ਗਏ ਹਰੇਕ ਹੁਕਮ ਦੀ ਸਿਵਲ ਕੋਰਟ ਦੇ ਫ਼ਰਮਾਨ ਬਰਾਬਰ ਪਾਵਰ ਹੋਵੇਗੀ ਅਤੇ ਸਿਵਲ ਪਰੋਸੀਜਰ ਕੋਡ, 1908 ਦੇ ਫ਼ਰਮਾਨ ਦੀ ਤਰ੍ਹਾਂ ਹੀ ਲਾਗੂ ਕੀਤਾ ਜਾਵੇਗਾ।

(7) ਸਬ-ਡਵੀਜ਼ਨਲ ਅਥਾਰਟੀ ਜਾਂ ਅਪੀਲੈਂਟ ਅਥਾਰਟੀ ਦੁਆਰਾ ਦਿੱਤੇ ਗਏ ਹੁਕਮ ਅਧੀਨ ਅਦਾ ਕਰਨ ਯੋਗ ਰਕਮ, ਜਿਵੇਂ ਵੀ ਕੇਸ ਹੋਵੇ, ਜ਼ਮੀਨ ਦੇ ਮਾਲੀਏ ਦੇ ਬਕਾਏ ਵਜੋਂ ਰਿਕਵਰ ਕੀਤੀ ਜਾ ਸਕਦੀ ਹੈ।

(8) ਉਪ-ਮੰਡਲ ਅਥਾਰਟੀ ਜਾਂ ਅਪੀਲੈਂਟ ਅਥਾਰਟੀ ਕੋਲ, ਇਸ ਧਾਰਾ ਦੇ ਅਧੀਨ ਵਿਵਾਦਾਂ ਦਾ ਫੈਸਲਾ ਲੈਣ ਸਮੇ, ਹਲਫ ਤੇ ਪ੍ਰਮਾਣ ਲੈਣ, ਗਵਾਹਾਂ ਦੀ ਹਾਜ਼ਰੀ ਨੂੰ ਲਾਗੂ ਕਰਨ, ਪਦਾਰਥਕ ਵਸਤੂਆਂ ਅਤੇ ਦਸਤਾਵੇਜ਼ਾਂ ਦੀ ਖੋਜ ਅਤੇ ਉਤਪਾਦਨ ਨੂੰ ਪੇਸ਼ ਕਰਨ ਲਈ ਮਜ਼ਬੂਰ ਕਰਨ ਅਤੇ ਕੇਂਦਰ ਸਰਕਾਰ ਦੁਆਰਾ ਨਿਰਧਾਰਤ ਕੀਤੇ ਗਏ ਉਦੇਸ਼ਾਂ ਵਾਸਤੇ ਸਿਵਲ ਕੋਰਟ ਦੇ ਸਾਰੇ ਅਧਿਕਾਰ ਹੋਣਗੇ।

(9) ਉਪ-ਮੰਡਲ ਅਥਾਰਟੀ ਅਤੇ ਅਪੀਲੈਂਟ ਅਥਾਰਟੀ ਸਾਹਮਣੇ ਪਟੀਸ਼ਨ ਜਾਂ ਬਿਨੇ-ਪੱਤਰ ਜਾਂ ਅਪੀਲ ਦਾਇਰ ਕਰਨ ਦਾ ਢੰਗ ਅਤੇ ਵਿੱਧੀ ਕੇਂਦਰ ਸਰਕਾਰ ਦੁਆਰਾ ਨਿਰਧਾਰਤ ਕੀਤੇ ਅਨੁਸਾਰ ਹੋਵੇਗੀ।

15. ਧਾਰਾ 14 ਵਿੱਚ ਦਰਜ ਕਿਸੇ ਵੀ ਉਪਬੰਧ ਦੇ ਬਾਵਜੂਦ, ਉਸ ਧਾਰਾ ਦੇ ਅਧੀਨ ਪਾਸ ਕੀਤੇ ਆਦੇਸ਼ ਦੀ ਪਾਲਣਾ ਕਰਨ ਲਈ ਕਿਸੇ ਵੀ ਰਕਮ ਦੀ ਰਿਕਵਰੀ ਵਾਸਤੇ ਕਿਸਾਨ ਦੀ ਜ਼ਮੀਨ ਦੇ ਵਿਰੁੱਧ ਕੋਈ ਕਾਰਵਾਈ ਨਹੀਂ ਹੋਵੇਗੀ।

ਅਧਿਆਇ-4 ਫੁਟਕਲ

16. ਕੇਂਦਰ ਸਰਕਾਰ ਸਮੇਂ-ਸਮੇਂ ਤੇ, ਇਸ ਐਕਟ ਦੀਆਂ ਧਾਰਾਵਾਂ ਦੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ, ਸੂਬਾ ਸਰਕਾਰਾਂ ਨੂੰ ਅਜਿਹੇ ਦਿਸ਼ਾ ਨਿਰਦੇਸ਼, ਜਿਨ੍ਹਾਂ ਨੂੰ ਉਹ ਜ਼ਰੂਰੀ ਸਮਝੇ, ਦੇ ਸਕਦੀ ਹੈ ਅਤੇ ਰਾਜ ਸਰਕਾਰਾਂ ਇਨ੍ਹਾਂ ਨਿਰਦੇਸ਼ਾਂ ਦੀ ਪਾਲਣਾ ਕਰਨਗੀਆਂ।

17. ਇਸ ਆਰਡੀਨੈਂਸ ਅਧੀਨ ਗਠਿਤ ਜਾਂ ਨਿਰਧਾਰਤ ਕੀਤੀਆਂ ਗਈਆਂ ਸਾਰੀਆਂ ਅਥਾਰਟੀਆਂ, ਸਮੇਤ ਰਜਿਸਟ੍ਰੇਸ਼ਨ ਅਥਾਰਟੀ, ਉਪ-ਮੰਡਲ ਅਥਾਰਟੀ ਅਤੇ ਅਪੀਲੈਂਟ ਅਥਾਰਟੀ, ਨੂੰ ਇੰਡੀਅਨ ਪੈਨਲ ਕੋਡ ਦੀ ਧਾਰਾ 21 ਦੇ ਸੰਦਰਭ ਵਿੱਚ ਜਨਤਕ ਸੇਵਕ ਮੰਨਿਆ ਜਾਵੇਗਾ।

18. ਇਸ ਆਰਡੀਨੈਂਸ ਦੀਆਂ ਧਾਰਾਵਾਂ ਅਧੀਨ ਜਾਂ ਇਸ ਦੇ ਤਹਿਤ ਬਣੇ ਕਿਸੇ ਨਿਯਮ ਦੇ ਅਧੀਨ ਕੇਂਦਰ ਸਰਕਾਰ ਰਾਜ ਸਰਕਾਰ, ਰਜਿਸਟ੍ਰੇਸ਼ਨ ਅਥਾਰਟੀ, ਉਪ-ਮੰਡਲ ਅਥਾਰਟੀ, ਅਪੀਲੇਂਟ ਅਥਾਰਟੀ ਜਾਂ ਕਿਸੇ ਹੋਰ ਵਿਅਕਤੀ ਵੱਲੋਂ ਚੰਗੀ ਇੱਛਾ ਨਾਲ ਕੀਤੀ ਗਈ ਕਾਰਵਾਈ ਵਿਰੁੱਧ ਕੋਈ ਮੁਕੱਦਮਾ, ਮੁਕੱਦਮੇ-ਬਾਜੀ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਬਣੇਗੀ।

19. ਕਿਸੇ ਵੀ ਸਿਵਿਲ ਕੋਰਟ ਨੂੰ ਕਿਸੇ ਵਿਵਾਦ ਦੇ ਸੰਬੰਧ ਵਿੱਚ ਜਿਸ ਵਿੱਚ ਉਪ-ਮੰਡਲ ਅਥਾਰਟੀ ਜਾਂ ਅਪੀਲੇਂਟ ਅਥਾਰਟੀ ਦੁਆਰਾ ਇਸ ਆਰਡੀਨੈਂਸ ਦੁਆਰਾ ਜਾਂ ਫ਼ੈਸਲਾ ਲੈਣ ਦਾ ਅਧਿਕਾਰ ਦਿੱਤਾ ਗਿਆ ਹੈ, ਕਿਸੇ ਮੁਕੱਦਮੇ ਜਾਂ ਕਾਰਵਾਈ ਵਿੱਚ ਦਖਲ ਦੇਣ ਦਾ ਅਧਿਕਾਰ ਨਹੀਂ ਹੋਵੇਗਾ। ਇਸ ਆਰਡੀਨੈਂਸ ਦੇ ਤਹਿਤ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਕੀਤੀ ਗਈ ਕਾਰਵਾਈ ਦੇ ਸਬੰਧ ਵਿੱਚ ਕਿਸੇ ਅਦਾਲਤ ਜਾਂ ਹੋਰ ਅਥਾਰਟੀ ਨੂੰ ਦਖਲ ਦੇਣ ਦੀ ਆਗਿਆ ਨਹੀਂ ਹੋਵੇਗੀ।

20. ਇਸ ਆਰਡੀਨੈਂਸ ਦੇ ਪ੍ਰਾਵਧਾਨਾਂ ਦਾ ਪ੍ਰਭਾਵ, ਰਾਜ ਦੇ ਕਿਸੇ ਵੀ ਕਾਨੂੰਨ ਵਿੱਚ ਇਸ ਸਮੇਂ ਮੌਜੂਦ ਕਿਸੇ ਵੀ ਕਾਨੂੰਨੀ ਨਿਯਮ ਜਾਂ ਕਿਸੇ ਕਾਨੂੰਨੀ ਦਸਤਾਵੇਜ, ਜਿਸ ਦਾ ਅਸਰ ਇਸ ਆਰਡੀਨੈਂਸ ਤੋਂ ਇਲਾਵਾ ਕਿਸੇ ਵੀ ਕਾਨੂੰਨ ਅਧੀਨ ਹੋਵੇ, ਦੇ ਬਾਵਜੂਦ ਹੋਵੇਗਾ।

ਬਸ਼ਰਤੇ ਕਿ ਕੋਈ ਵੀ ਖੇਤੀਬਾੜੀ ਸਮਝੌਤਾ ਜਾਂ ਅਜਿਹਾ ਇਕਰਾਰਨਾਮਾ ਜੋ ਇਸ ਆਰਡੀਨੈਂਸ ਦੇ ਲਾਗੂ ਹੋਣ ਦੀ ਮਿਤੀ ਤੋਂ ਪਹਿਲਾਂ ਬਣਾਏ ਗਏ ਕਾਨੂੰਨ ਅਧੀਨ ਕਰ ਲਿਆ ਗਿਆ ਹੋਵੇ, ਅਜਿਹੇ ਸਮਝੌਤੇ ਜਾਂ ਇਕਰਾਰਨਾਮੇ ਦੀ ਮਿਆਦ ਪੁੱਗਣ ਤੱਕ ਲਾਗੂ ਰਹੇਗਾ।

21. ਸਟਾਕ ਐਕਸਚੇਂਜਾਂ ਅਤੇ ਕਲੀਅਰਿੰਗ ਕਾਰਪੋਰੇਸ਼ਨਾਂ ਤੇ, ਜੋ ਸਿਕਓਰਟੀਜ਼ ਕੰਟਰੈਕਟਸ (ਰੈਗੂਲੇਸ਼ਨ) ਐਕਟ, 1956 ਅਧੀਨ ਮਾਨਤਾ ਪ੍ਰਾਪਤ ਹੋਣ ਦੇ ਲੈਣ-ਦੇਣ ਤੇ, ਇਸ ਆਰਡੀਨੈਂਸ ਦੇ ਪ੍ਰਵਾਧਾਨ ਲਾਗੂ ਨਹੀਂ ਹੋਣਗੇ।

22. (1) ਕੇਂਦਰ ਸਰਕਾਰ ਆਪਣੇ ਗਜ਼ਟ ਵਿੱਚ ਨੋਟੀਫਿਕੇਸ਼ਨ ਕਰਕੇ ਇਸ ਆਰਡੀਨੈਂਸ ਦੀਆਂ ਧਾਰਾਵਾਂ ਨੂੰ ਲਾਗੂ ਕਰਨ ਲਈ ਨਿਯਮ ਬਣਾ ਸਕਦੀ ਹੈ।

(2) ਖ਼ਾਸਕਰ ਅਤੇ ਉਪਰੋਕਤ ਸ਼ਕਤੀਆਂ ਦੀ ਸਾਧਾਰਣਤਾ ਪ੍ਰਤੀ ਪੱਖਪਾਤ ਕੀਤੇ ਬਿਨਾਂ, ਅਜਿਹੇ ਨਿਯਮ ਹੇਠ ਲਿਖੀਆਂ ਸਾਰੀਆਂ ਜਾਂ ਕਿਸੇ ਵੀ ਮੁੱਦਿਆਂ ਲਈ ਉਪਬੰਧ ਕਰ ਸਕਦੇ ਹਨ, ਜਿਵੇ ਕਿ ;

(ਏ) ਦੂਸਰੇ ਮੰਤਵ ਜਿਨ੍ਹਾਂ ਲਈ ਉਪ-ਮੰਡਲ ਅਥਾਰਟੀ ਜਾਂ ਅਪੀਲੇਂਟ ਅਥਾਰਟੀ ਨੂੰ ਸੈਕਸ਼ਨ 14 ਦੀ ਉਪ-ਧਾਰਾ (8) ਅਧੀਨ ਸਿਵਲ ਕੋਰਟ ਦੇ ਅਧਿਕਾਰ ਪ੍ਰਾਪਤ ਹਨ;

(ਬੀ) ਧਾਰਾ 14 ਦੀ ਉਪ-ਧਾਰਾ (9) ਦੇ ਅਨੁਸਾਰ ਉਪ-ਮੰਡਲ ਅਥਾਰਟੀ ਪਟੀਸ਼ਨ ਜਾਂ ਅਰਜ਼ੀ ਦੇਣ ਅਤੇ ਅਪੀਲੇਂਟ ਅਥਾਰਟੀ ਦੇ ਸਾਹਮਣੇ ਅਪੀਲ ਦਾਇਰ ਕਰਨ ਦਾ ਢੰਗ ਅਤੇ ਪ੍ਰਕਿਰਿਆ ;

(ਸੀ) ਕੇਂਦਰ ਸਰਕਾਰ ਦੁਆਰਾ ਕੋਈ ਹੋਰ ਮਾਮਲਾ, ਜੋ ਨਿਯਮਾਂ ਵਿੱਚ ਨਿਰਧਾਰਤ ਹੈ ਜਾਂ ਕੀਤਾ ਜਾ ਸਕਦਾ ਹੈ ਜਾਂ ਜਿਸ ਬਾਰੇ ਨਿਯਮਾਂ ਵਿੱਚ ਉਪਬੰਧ ਕੀਤਾ ਜਾਣਾ ਹੈ।

(3) ਇਸ ਐਕਟ ਅਧੀਨ ਕੇਂਦਰ ਸਰਕਾਰ ਦੁਆਰਾ ਬਣਾਏ ਗਏ ਹਰ ਨਿਯਮ ਨੂੰ, ਸੰਸਦ ਦੇ ਹਰੇਕ ਸਦਨ ਦੇ ਅੱਗੇ, ਇਸ ਦੇ ਬਣਨ ਤੋਂ ਬਾਅਦ ਜਿਵੇਂ ਹੀ ਸੈਸ਼ਨ ਲਗਦਾ ਹੈ, ਜਿਸ ਵਿੱਚ ਕੁੱਲ ਤੀਹ ਦਿਨਾਂ ਦੀ ਮਿਆਦ ਇੱਕ ਸੈਸ਼ਨ ਵਿੱਚ ਜਾਂ ਦੋ ਜਾਂ ਵੱਧ ਤੋਂ ਵੱਧ

ਸੈਸ਼ਨਾਂ ਵਿੱਚ ਸ਼ਾਮਲ ਹੋ ਸਕਦੀ ਹੈ, ਅਤੇ ਜੇ ਸੈਸ਼ਨ ਦੀ ਸਮਾਪਤੀ ਤੋਂ ਤੁਰੰਤ ਪਹਿਲਾਂ ਇਜਲਾਸ ਜਾਂ ਉਪਰੋਕਤ ਅਗਲੇ ਸੈਸ਼ਨਾਂ ਤੋਂ ਬਾਅਦ, ਦੋਵੇਂ ਸਦਨ ਨਿਯਮ ਵਿੱਚ ਕੋਈ ਤਬਦੀਲੀ ਕਰਨ ਲਈ ਸਹਿਮਤ ਹਨ ਜਾਂ ਦੋਵੇਂ ਸਦਨ ਸਹਿਮਤ ਹਨ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਜਿਵੇਂ ਵੀ ਕੇਸ ਹੋਵੇ; ਨਿਯਮ ਉਸ ਤੋਂ ਬਾਅਦ ਸਿਰਫ ਅਜਿਹੇ ਬਦਲੇ ਹੋਏ ਰੂਪ ਵਿਚ ਲਾਗੂ ਹੋਵੇਗਾ ਜਾਂ ਲਾਗੂ ਨਹੀਂ ਹੋਵੇਗਾ, ਇਸ ਲਈ ਹਾਲਾਂਕਿ ਕੋਈ ਵੀ ਅਜਿਹੀ ਸੋਧ ਜਾਂ ਰੱਦ ਕਰਨਾ ਉਸ ਨਿਯਮ ਦੇ ਤਹਿਤ ਪਹਿਲਾਂ ਕੀਤੀ ਗਈ ਕਿਸੇ ਵੀ ਕਾਰਵਾਈ ਦੀ ਵੈਧਤਾ ਦੇ ਪੱਖਪਾਤ ਤੋਂ ਬਿਨਾਂ ਹੋਵੇਗਾ।

23. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਨੋਟੀਫਿਕੇਸ਼ਨ ਕਰਕੇ, ਇਸ ਆਰਡੀਨੇਂਸ ਦੀਆਂ ਧਾਰਾਵਾਂ ਨੂੰ ਲਾਗੂ ਕਰਨ ਲਈ ਨਿਯਮ ਬਣਾ ਸਕਦੀ ਹੈ।

(2) ਖ਼ਾਸਕਰ ਅਤੇ ਉਪਰੋਕਤ ਸ਼ਕਤੀ ਦੀ ਸਾਧਾਰਣਤਾ ਪ੍ਰਤੀ ਪੱਖਪਾਤ ਕੀਤੇ ਬਿਨਾਂ ਅਜਿਹੇ ਨਿਯਮ ਹੇਠ ਲਿਖਿਆਂ ਸਾਰਿਆਂ ਜਾਂ ਕਿਸੇ ਵੀ ਮਾਮਲੇ ਨਾਲ ਸਬੰਧਤ ਹੋ ਸਕਦੇ ਹਨ, ਜਿਵੇਂ ਕਿ ;

(ਏ) ਸੈਕਸ਼ਨ (6) ਦੀ ਉਪ-ਧਾਰਾ (4) ਦੇ ਅਧੀਨ ਕਿਸਾਨਾਂ ਨੂੰ ਭੁਗਤਾਨ ਦਾ ਢੰਗ ਅਤੇ ਪ੍ਰਕਿਰਿਆ।

(ਬੀ) ਧਾਰਾ 12 ਦੀ ਉਪ-ਧਾਰਾ (2) ਦੇ ਅਧੀਨ ਰਜਿਸਟ੍ਰੇਸ਼ਨ ਅਥਾਰਟੀ ਦਾ ਸੰਵਿਧਾਨ, ਰਚਨਾ, ਸ਼ਕਤੀਆਂ ਅਤੇ ਕਾਰਜ-ਵਿਧੀ ਅਤੇ ਰਜਿਸਟਰੀ ਦੀ ਪ੍ਰਕਿਰਿਆ।

(ਸੀ) ਰਾਜ ਸਰਕਾਰ ਦੁਆਰਾ ਕੋਈ ਹੋਰ ਮਾਮਲਾ, ਜੋ ਨਿਯਮਾਂ ਵਿੱਚ ਨਿਰਧਾਰਤ ਹੈ ਜਾਂ ਕੀਤਾ ਜਾ ਸਕਦਾ ਹੈ ਜਾਂ ਜਿਸ ਬਾਰੇ ਨਿਯਮਾਂ ਵਿੱਚ ਉਪਬੰਧ ਕੀਤਾ ਜਾਣਾ ਹੈ।

(3) ਇਸ ਆਰਡੀਨੇਂਸ ਨੂੰ ਰਾਜ ਸਰਕਾਰ ਦੁਆਰਾ ਬਣਾਏ ਗਏ ਹਰ ਨਿਯਮ ਨੂੰ ਰਾਜ ਵਿਧਾਨ ਸਭਾ ਦੇ ਹਰੇਕ ਸਦਨ ਜਿਹਨਾਂ ਰਾਜਾਂ ਵਿੱਚ ਦੋ ਸਦਨ ਹੁੰਦੇ ਹਨ ਜਾਂ ਜਿਥੇ ਇੱਕ ਵਿਧਾਨ ਸਭਾ ਹੁੰਦੀ ਹੈ ਇਸ ਦੇ ਬਣਨ ਤੋਂ ਬਾਅਦ ਜਲਦੀ ਤੋਂ ਜਲਦੀ ਰੱਖਿਆ ਜਾਵੇ।

24. (1) ਜੇ ਇਸ ਆਰਡੀਨੇਂਸ ਦੇ ਉਪਬੰਧਾਂ ਨੂੰ ਲਾਗੂ ਕਰਨ ਵਿੱਚ ਕੋਈ ਮੁਸ਼ਕਲ ਪੇਸ਼ ਆਉਂਦੀ ਹੈ, ਤਾਂ ਕੇਂਦਰ ਸਰਕਾਰ, ਸਰਕਾਰੀ ਗਜ਼ਟ ਵਿੱਚ ਆਦੇਸ਼ ਪ੍ਰਕਾਸ਼ਤ ਕਰਕੇ ਅਜਿਹੇ ਉਪਬੰਧ ਕਰ ਸਕਦੀ ਹੈ ਜੋ ਆਰਡੀਨੇਂਸ ਦੀਆਂ ਧਾਰਾਵਾਂ ਨਾਲ ਮੇਲ ਨਹੀਂ ਖਾਂਦੇ, ਪਰ ਪੇਸ਼ ਆ ਰਹੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਇਸ ਨੂੰ ਜ਼ਰੂਰੀ ਜਾਪਦੇ ਹੋਣ।

(2) ਇਸ ਧਾਰਾ ਦੇ ਅਧੀਨ ਕੀਤੇ ਗਏ ਹਰ ਹੁਕਮ ਨੂੰ ਇਸ ਦੇ ਬਣਨ ਤੋਂ ਬਾਅਦ ਸੰਸਦ ਦੇ ਹਰੇਕ ਸਦਨ ਵਿੱਚ ਤੁਰੰਤ ਰੱਖਿਆ ਜਾਵੇਗਾ।

ਦਸਤਖਤ

ਰਾਮ ਨਾਥ ਕੋਵਿੰਦ

ਰਾਸ਼ਟਰਪਤੀ

ਕਾਨੂੰਨ ਅਤੇ ਨਿਆਂ ਮੰਤਰਾਲਾ

(ਵਿਧਾਨ ਵਿਭਾਗ)

ਨਵੀਂ ਦਿੱਲੀ, 5 ਜੂਨ 2020

ਜ਼ਰੂਰੀ ਵਸਤਾਂ (ਸੋਧ) ਆਰਡੀਨੈਂਸ, 2020

ਭਾਰਤ ਦੇ ਗਣਤੰਤਰ ਦੇ ਇਕੱਤਰਵੇਂ ਸਾਲ ਵਿੱਚ ਰਾਸ਼ਟਰਪਤੀ ਦੁਆਰਾ ਜਾਰੀ

ਜ਼ਰੂਰੀ ਵਸਤਾਂ ਐਕਟ 1955 ਵਿੱਚ ਹੋਰ ਸੋਧ ਕਰਨ ਲਈ ਇੱਕ ਆਰਡੀਨੈਂਸ

ਜਦੋਂ ਕਿ ਖੇਤੀਬਾੜੀ ਸੈਕਟਰ ਵਿੱਚ ਮੁਕਾਬਲੇਬਾਜ਼ੀ ਵਧਾਉਣ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਦੇ ਉਦੇਸ਼ ਲਈ, ਨਿਯੰਤਰਣ ਪ੍ਰਣਾਲੀ ਦੇ, ਖਪਤਕਾਰਾਂ ਦੇ ਹਿੱਤਾਂ ਦੀ ਰਾਖੀ ਕਰਦੇ ਹੋਏ, ਉਦਾਰੀਕਰਨ ਦੀ ਲੋੜ ਹੈ ਅਤੇ ਜਦੋਂ ਸੰਸਦ ਸੈਸ਼ਨ ਵਿੱਚ ਨਹੀਂ ਹੈ ਅਤੇ ਰਾਸ਼ਟਰਪਤੀ ਇਸ ਗੱਲ ਤੋਂ ਸੰਤੁਸ਼ਟ ਹਨ ਕਿ ਅਜਿਹੀਆਂ ਸਥਿਤੀਆਂ ਮੌਜੂਦ ਹਨ ਜਿਨ੍ਹਾਂ ਵਿੱਚ ਉਨ੍ਹਾਂ ਨੂੰ ਤੁਰੰਤ ਕਾਰਵਾਈ ਕਰਨਾ ਜ਼ਰੂਰੀ ਕਰ ਦਿੰਦੀਆਂ ਹਨ;

ਹੁਣ, ਇਸ ਲਈ, ਸੰਵਿਧਾਨ ਦੇ ਆਰਟੀਕਲ 123 ਦੀ ਧਾਰਾ (1) ਦੁਆਰਾ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ, ਰਾਸ਼ਟਰਪਤੀ ਪ੍ਰਸੰਨਤਾ ਪੂਰਵਕ ਹੇਠ ਦਿੱਤੇ ਅਨੁਸਾਰ ਆਰਡੀਨੈਂਸ ਜਾਰੀ ਕਰਦੇ ਹਨ: -

ਛੋਟਾ ਸਿਰਲੇਖ ਅਤੇ ਸ਼ੁਰੂਆਤ

1. (1) ਇਹ ਆਰਡੀਨੈਂਸ ਜ਼ਰੂਰੀ ਵਸਤਾਂ (ਸੋਧ) ਆਰਡੀਨੈਂਸ 2020 ਕਿਹਾ ਜਾਵੇਗਾ।

   (2) ਇਹ ਤੁਰੰਤ ਲਾਗੂ ਹੋ ਜਾਵੇਗਾ।

2. ਜ਼ਰੂਰੀ ਵਸਤੂਆਂ ਐਕਟ, 1955 ਦੇ ਸੈਕਸ਼ਨ 3 ਵਿੱਚ, ਉਪ-ਧਾਰਾ (1) ਤੋਂ ਬਾਅਦ, ਹੇਠਲੀ ਉਪ-ਧਾਰਾ ਜੋੜੀ ਜਾਏਗੀ, ਭਾਵ: -

   (1 ਏ) ਸਬ-ਸੈਕਸ਼ਨ (1) ਵਿੱਚ ਸ਼ਾਮਲ ਕਿਸੇ ਵੀ ਉਪਬੰਧ ਦੇ ਬਾਵਜੂਦ,

(ਏ) ਖਾਧ-ਪਦਾਰਥਾਂ, ਜਿਵੇਂ ਕਿ ਅਨਾਜ, ਦਾਲਾਂ, ਆਲੂ, ਪਿਆਜ਼, ਖਾਣ ਯੋਗ ਤੇਲ ਬੀਜ ਅਤੇ ਤੇਲ ਜਿਨ੍ਹਾਂ ਦੀ ਵੀ ਸਪਲਾਈ ਕੇਂਦਰ ਸਰਕਾਰ, ਸਰਕਾਰੀ ਗਜ਼ਟ ਰਾਹੀ ਨੋਟੀਫਿਕੇਸ਼ਨ ਕਰਕੇ, ਸਿਰਫ ਅਸਾਧਾਰਣ ਹਾਲਤਾਂ ਜਿਵੇ ਕਿ ਯੁੱਧ, ਅਕਾਲ, ਗੰਭੀਰ ਕੁਦਰਤੀ ਬਿਪਤਾ 'ਤੇ ਅਸਧਾਰਨ ਮਹਿੰਗਾਈ ਵਿੱਚ ਨਿਯਮਤ ਕਰ ਸਕਦੀ ਹੈ।

(ਬੀ)ਸਟਾਕ ਲਿਮਟ ਲਗਾਉਣ 'ਤੇ ਕੋਈ ਕਾਰਵਾਈ ਕੀਮਤ ਵਾਧੇ' ਤੇ ਅਧਾਰਤ ਹੋਵੇਗੀ

ਅਤੇ ਇਸ ਐਕਟ ਤਹਿਤ ਕਿਸੇ ਵੀ ਖੇਤੀ ਉਤਪਾਦ ਦੀ ਸਟਾਕ ਲਿਮਟ ਨੂੰ ਨਿਯਮਤ ਕਰਨ ਲਈ ਅਜਿਹਾ ਹੁਕਮ ਸਿਰਫ ਉਦੋਂ ਹੀ ਜਾਰੀ ਕੀਤਾ ਜਾਏਗਾ ਜਦੋਂ ;

(i) ਬਾਗਬਾਨੀ ਉਤਪਾਦਾਂ ਦੀ ਪ੍ਰਚੂਨ ਕੀਮਤ ਵਿਚ 100 ਪ੍ਰਤੀਸ਼ਤ ਦਾ ਵਾਧਾ;

(ii) ਗੈਰ-ਨਾਸ਼ਵਾਨ ਖੇਤੀ ਵਸਤਾਂ ਦੀ ਪ੍ਰਚੂਨ ਕੀਮਤ ਵਿੱਚ 50 ਪ੍ਰਤੀਸ਼ਤ ਦਾ ਵਾਧਾ ਜਾਂ ਪਿਛਲੇ ਬਾਰਾਂ ਮਹੀਨਿਆਂ ਦੌਰਾਨ ਪ੍ਰਚੱਲਤ ਕੀਮਤਾਂ, ਜਾਂ ਪਿਛਲੇ ਪੰਜ ਸਾਲਾਂ ਦੀ ਔਸਤ ਪ੍ਰਚੂਨ ਕੀਮਤ ਨਾਲੋ, ਜੋ ਵੀ ਘੱਟ ਹੋਵੇ:

ਬਸ਼ਰਤੇ ਕਿ ਸਟਾਕ ਦੀ ਸੀਮਾ ਨੂੰ ਨਿਯਮਿਤ ਕਰਨ ਦੇ ਅਜਿਹੇ ਆਦੇਸ਼ ਕਿਸੇ ਵੀ ਖੇਤੀਬਾੜੀ ਉਪਜ ਦੇ ਪ੍ਰੋਸੈਸਰ ਜਾਂ ਵੈਲਯੂ ਚੇਨ ਭਾਗੀਦਾਰ ਤੇ ਲਾਗੂ ਨਹੀਂ ਹੋਣਗੇ, ਜੇਕਰ ਅਜਿਹੇ ਵਿਅਕਤੀ ਦੀ ਸਟਾਕ ਸੀਮਾ ਪ੍ਰੋਸੈਸਿੰਗ ਯੂਨਿਟ ਦੀ ਸਥਾਪਿਤ ਸਮਰੱਥਾ ਜਾਂ ਨਿਰਯਾਤ ਦੇ ਮਾਮਲੇ ਵਿੱਚ ਨਿਰਯਾਤਕਰਤਾ ਦੀ ਮੰਗ ਤੋਂ ਵੱਧ ਨਾ ਹੋਵੇ;

ਅੱਗੇ ਬਸ਼ਰਤੇ ਕਿ ਇਸ ਸਬ-ਸੈਕਸ਼ਨ ਵਿੱਚ ਸ਼ਾਮਲ ਕੁਝ ਵੀ ਜਨਤਕ ਵੰਡ ਪ੍ਰਣਾਲੀ ਜਾਂ ਟਾਰਗੇਟਿਡ ਜਨਤਕ ਵੰਡ ਪ੍ਰਣਾਲੀ ਨਾਲ ਸੰਬੰਧਤ ਕਿਸੇ ਵੀ ਆਰਡਰ ਜੋ ਕਿ ਸਰਕਾਰ ਦੁਆਰਾ ਇਸ ਐਕਟ ਅਧੀਨ ਜਾਂ ਕਿਸੇ ਹੋਰ ਕਾਨੂੰਨ ਅਧੀਨ (ਜੋ ਇਸ ਸਮੇ ਲਾਗੂ ਹੋਵੇ) ਤੇ ਲਾਗੂ ਨਹੀਂ ਹੋਏਗਾ।

ਸਪੱਸ਼ਟੀਕਰਨ ਕਿਸੇ ਵੀ ਖੇਤੀਬਾੜੀ ਉਤਪਾਦ ਦੇ ਸੰਬੰਧ ਵਿੱਚ, "ਵੈਲਯੂ ਚੇਨ ਭਾਗੀਦਾਰ" ਦੇ ਭਾਵ ਵਿੱਚ ਭਾਗੀਦਾਰਾਂ ਦਾ ਇੱਕ ਸਮੂਹ, ਜੋ ਕਿ ਕਿਸੇ ਵੀ ਖੇਤੀਬਾੜੀ ਉਪਜ ਦੇ ਉਤਪਾਦਨ ਤੋਂ ਲੈ ਕੇ ਅੰਤਮ ਖਪਤ ਤੱਕ, ਪ੍ਰੋਸੈਸਿੰਗ, ਪੈਕਜਿੰਗ, ਸਟੋਰੇਜ, ਟ੍ਰਾਂਸਪੋਰਟ ਅਤੇ ਵੰਡ, ਸਮੇਤ, ਜਿੱਥੇ ਹਰੇਕ ਪੜਾਅ 'ਤੇ ਉਤਪਾਦ ਦੀ ਕੀਮਤ ਵਿੱਚ ਵਾਧਾ ਹੁੰਦਾ ਹੈ ਸ਼ਾਮਲ ਕਰਦਾ ਹੈ, ਵੀ ਸ਼ਾਮਲ ਹੈ।

ਦਸਤਖਤ

ਰਾਮ ਨਾਥ ਕੋਵਿੰਦ

ਰਾਸ਼ਟਰਪਤੀ